ਮਾਰਚ 2004

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 3 ◆ ਸਾਲ ਸੋਲਵਾਂ ◆ ਮਾਰਚ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

ਰਚਨਾਵਾਂ ਭੇਜਣ ਲਈ ਪਤਾ
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| ਮਿਤ੍ਰ ਅਸਾਡੜੇ ਸੇਈ<br>*ਪਾਠਕਾਂ ਦੇ ਪੱਤਰ* | 2 |
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਧਰਮ ਤਾਂ ਇਕ ਹੀ ਹੈ...<br>*ਭਗਵੰਤ ਸਿੰਘ ਦਲਾਵਰੀ* | 4 |
| ਜਪੁਜੀ ਸਾਹਿਬ ਦੀ ਮਨੁੱਖ ਨੂੰ ਦੇਣ<br>*ਸੋਹਣ ਸਿੰਘ* | 7 |
| ਸਿੰਘ ਅਤੇ ਕੌਰ<br>*ਡਾ. ਜਸਬੀਰ ਸਿੰਘ ਸਰਨਾ* | 11 |
| ਸਾਡੇ ਕੀਰਤਨੀਏ<br>*ਭਾਈ ਚਰਨਜੀਤ ਸਿੰਘ ਖਾਲਸਾ* | 13 |
| ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ<br>*ਗੁਰਜੰਤ ਸਿੰਘ ਰਾਹੀ* | 14 |
| ਵਾਹਿਗੁਰੂ ਗੁਰ ਸਬਦੁ ਸੁਣਾਇਆ<br>*ਕਰਤਾਰ ਸਿੰਘ ਨੀਲਧਾਰੀ* | 17 |
| ਸੁਰ ਲਿਪੀਆਂ<br>*ਗਿਆਨ ਸਿੰਘ ਐਬਟਾਬਾਦ* | 21 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ<br>*ਮਨਮੋਹਨ ਸਿੰਘ* | 23 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ 'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ ਇਕੋ ਸਾਹੇ ਇਕ ਸਿਰੇ ਤੋਂ ਦੂਸਰੇ ਸਿਰ ਤੱਕ ਪੜ੍ਹਿਆ। 'ਸਾਰਥਕ ਮਿਊਜ਼ਿਕ ਵਰਲਡ' ਵਲੋਂ ਅਜੈ ਚਕਰਵਰਤੀ ਦੁਆਰਾ ਗਾਏ ਸ਼ਬਦਾਂ ਦੀ ਕੈਸਟ ਬਾਰੇ ਪੜ੍ਹਿਆ। ਭਾਵੇਂ ਅਜੇ ਚਕਰਵਰਤੀ ਬੰਗਾਲੀ ਹੈ ਪਰ ਇਸ ਦੀ ਗਾਇਕੀ ਪਟਿਆਲੇ ਘਰਾਣੇ ਦੀ ਹੈ। ਪੰਜਾਬੀ ਅੰਗ ਦੀ ਠੁਮਰੀ ਬਹੁਤ ਵਧੀਆ ਗਾਉਂਦੇ ਹਨ। ਡਾ. ਭੁਪਿੰਦਰ ਕੌਰ ਵਲੋਂ 'ਹਉਮੈ ਵਿਚ ਗਾਵਹਿ ਬਿਰਥਾ ਜਾਇ' ਸਤਨਾਮ ਸਿੰਘ ਕੋਮਲ ਵਲੋਂ 'ਕਸੂਰਵਾਰ ਕੌਣ ਕੀਰਤਨੀਏ ਆਗੂ ਜਾਂ ਸੰਗਤ' ਕੀਰਤਨ ਦੇ ਮਿਆਰ ਪ੍ਰਤੀ ਜਾਗਰੂਕਤਾ ਦੇ ਪ੍ਰਤੀਕ ਹਨ। 'ਕੋਹਿਨੂਰ ਹੀਰਾ ਸਿੱਖਾਂ ਕੋਲ ਕਿਵੇਂ ਆਇਆ' ਡਾ. ਜਸਬੀਰ ਸਿੰਘ ਸਰਨਾ ਦਾ ਗਿਆਨ ਭਰਪੂਰ ਲੇਖ ਹੈ। ਇਸ ਤੋਂ ਬਿਨ੍ਹਾਂ ਰਾਗ ਵਡਹੰਸ ਦੀਆਂ ਸੁਰ ਲਿਪੀਆਂ ਅਤੇ ਬਾਕੀ ਲੇਖ ਸਾਰੇ ਵਧੀਆ ਹਨ। ਆਪ ਸਾਰੇ ਵਧਾਈ ਦੇ ਪਾਤਰ ਹੋ।

*- ਗੁਰਜੰਤ ਸਿੰਘ ਰਾਹੀ*
*ਗੁਰਮਤਿ ਸੰਗੀਤ ਵਿਦਿਆਲਾ,*
*ਗਿਆਨੀ ਦਿੱਤ ਸਿੰਘ ਕਲੋਨੀ, ਸੰਗਰੂਰ*

♦ ਆਪ ਜੀ ਵਲੋਂ 'ਅੰਮ੍ਰਿਤ ਕੀਰਤਨ' ਫਰਵਰੀ 2004 ਵਾਲਾ ਮਿਲ ਗਿਆ ਹੈ ਜੀ ਧੰਨਵਾਦ।

ਆਪ ਜੀ ਪਾਸ ਭਾਰਤ ਵਿਚਲੀਆਂ ਸੰਗੀਤ ਕੀਰਤਨ ਅਕਾਡਮੀਆਂ ਦੀ ਪੂਰੀ ਜਾਣਕਾਰੀ ਹੋਵੇਗੀ, ਅਨੇਕਾਂ ਥਾਵਾਂ 'ਤੇ ਕੁਝ ਹੋਰ ਕੀਰਤਨ ਸੰਗੀਤ ਅਕਾਡਮੀਆਂ ਵੀ ਕਾਇਮ ਹੋ ਰਹੀਆਂ ਹਨ, ਤੁਸਾਂ ਇਨ੍ਹਾਂ ਸਬੰਧੀ ਵੀ ਇਕ ਪੂਰਾ ਲੇਖ ਛਾਪਣਾ ਜੀ। ਬਹੁਤ ਸਾਰੇ ਅਸਥਾਨਾਂ ਤੇ ਪੁਰਾਤਨ ਸੰਗੀਤ ਸਾਜ਼ ਵੀ ਯਾਦਗਾਰ ਵਜੋਂ ਰੱਖੇ ਹੋਏ ਸਨ, ਇਨ੍ਹਾਂ ਦੇ ਚਿਤਰ ਵੇਰਵੇ ਵੀ ਛਾਪ ਦੇਣਾ।

ਸਤਿਗੁਰੂ ਨਾਨਕ ਦੇਵ ਦੇ ਨਾਲ ਭਾਈ ਮਰਦਾਨਾ ਰਬਾਬੀ ਦੇ ਚਿਤਰ ਫੋਟੋ ਤਾਂ ਬਹੁਤ ਛਪੇ ਹੋਏ ਹਨ। ਤੁਸਾਂ ਗੁਰੂ ਅੰਗਦ ਦੇਵ ਦੇ ਦਰਬਾਰ ਵਿਚ ਭਾਈ ਸਾਦੂ, ਮਾਦੂ, ਰਜਾਦਾ ਦੇ ਚਿਤਰ ਵੇਰਵੇ ਜੀਵਨੀਆਂ, ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਭਾਈ ਪਾਂਧਾ, ਬਾਲੂ ਰਬਾਬੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਭਾਈ ਸਤਾ ਬਲਵੰਡ ਰਬਾਬੀ ਅਤੇ ਕੁਝ ਸਿਖ ਕੀਰਤਨ ਕਰਦੇ ਵੀ ਦੱਸੋ।

ਅਪ੍ਰੈਲ 2004 ਨੂੰ ਗੁਰੂ ਅੰਗਦ ਦੇਵ ਜੀ ਦਾ ਵਿਸ਼ੇਸ਼ ਅੰਕ ਅਤੇ ਰਬਾਬੀਆਂ ਦੇ ਕੀਰਤਨ ਜੀਵਨੀਆਂ ਛਾਪਣਾ। ਤੁਸਾਂ ਮਹਾਨ ਉਦਮ ਕਰ ਰਹੇ ਹੋ। ਵਾਹਿਗੁਰੂ ਅੰਗ ਸੰਗ ਸਹਾਈ ਹੋਵੇ।

*- ਸਤਨਾਮ ਸਿੰਘ*
*ਐਡਵੋਕੇਟ ਗੁਰੂ ਨਾਨਕ ਲਿਟਰੇਚਰ ਹਾਊਸ,*
*ਸਿਲਕ ਮਿਲਜ਼, ਅੰਮ੍ਰਿਤਸਰ*

♦ ਫਰਵਰੀ ਦਾ ਅੰਕ ਬੇਹੱਦ ਪਸੰਦ ਆਇਆ। 'ਕਰਉ ਬੇਨਤੀਆ' ਡਾ. ਜਾਗੀਰ ਸਿੰਘ ਸਿੰਘ ਜੀ ਦੀ ਤਹਿਰੀਰ ਕਾਬਿਲੇ ਤਾਰੀਫ ਸੀ, 'ਹਉਮੈ ਵਿਚ ਗਾਵਹਿ ਬਿਰਥਾ ਜਾਇ' ਅਤੇ ਡਾ. ਭੁਪਿੰਦਰ ਕੌਰ ਹੁਸ਼ਿਆਰਪੁਰ ਅਤੇ ਹਾਰਮੋਨੀਅਮ ਬਾਰੇ ਲੇਖ ਬਹੁਤ ਹੀ ਸਿੱਖਿਆਦਾਇਕ ਲੇਖ ਸਨ, 'ਕਸੂਰਵਾਰ ਕੌਣ ਕੀਰਤਨੀਏ ਆਗੂ ਕਿ ਸੰਗਤ' ਲੇਖ ਸਤਨਾਮ ਸਿੰਘ ਕੋਮਲ, ਚੜ੍ਹਦੀ ਕਲਾ ਵਿਚਾਰ ਬਹੁਤ ਸੋਹਣੇ ਵਿਚਾਰ ਸਨ, ਕੋਹਿਨੂਰ ਹੀਰਾ ਸਿੱਖਾਂ ਕੋਲ ਕਿਵੇਂ ਆਇਆ ਡਾ. ਜਸਬੀਰ ਸਿੰਘ ਸਰਨਾ 'ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ ਲੇਖਕ ਸਰਦਾਰ ਭਗਵੰਤ ਸਿੰਘ ਦਿਲਾਵਰੀ ਆਦਿਕ ਸਮੱਗਰੀ ਬਹੁਤ ਹੀ ਖੋਜ ਭਰਪੂਰ ਸੀ। ਨਵੇਂ ਸਾਲ ਦਾ ਹੁਕਮਨਾਮਾ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਇਆ ਸੀ ਉਹ ਛਾਪਣ ਲਈ ਧੰਨਵਾਦ।

*- ਪ੍ਰੋ. ਮੰਗਤ ਸਿੰਘ ਮਸਤਾਨਾ*
*C/o ਅਸ਼ੋਕ ਰਿਫਰੈਸ਼ਮੈਂਟ, ਮੰਡੀ ਹਰਜੀਰਾਮ, ਮਲੋਟ*

## ਕਰਉ ਬੇਨੰਤੀਆ

### ਸਾਖੀਆਂ ਵਿਚੋਂ ਸਿੱਖਿਆ

ਦਸਵੀਂ ਪਾਸ ਕਰਨ ਉਪਰੰਤ ਮੈਂ ਆਪਣੇ ਪਿਤਾ ਜੀ ਨਾਲ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਬਤੌਰ ਸਹਾਇਕ ਰਾਗੀ ਕੀਰਤਨ ਕਰਨ ਲੱਗ ਪਿਆ ਸੀ। ਲਗਭਗ 7 ਸਾਲ ਉਥੇ ਗੁਰਦੁਆਰਾ ਸਾਹਿਬ ਵਿਖੇ ਨੌਕਰੀ ਕਰਦਿਆਂ ਪ੍ਰਾਈਵੇਟ ਤੌਰ 'ਤੇ ਐਮ ਏ ਪੰਜਾਬੀ ਪਾਸ ਕਰ ਲਈ। ਹੁਣ ਇਥੇ ਮਨ ਨਹੀਂ ਸੀ ਲਗਦਾ। ਇਹ ਨੌਕਰੀ ਛੱਡ ਕੇ ਗੁਰਮਤਿ ਕਾਲਜ ਪਟਿਆਲਾ ਵਿਖੇ ਧਾਰਮਿਕ ਅਧਿਐਨ ਦੀ ਐਮ. ਏ. ਕਰਨ ਲਈ ਦਾਖਲਾ ਲੈ ਲਿਆ। ਪੱਕੀ ਨੌਕਰੀ ਛੱਡਣ ਤੋਂ ਕਈਆਂ ਨੇ ਮਨ੍ਹਾ ਕੀਤਾ ਪਰ ਮਨ ਵਿਚ ਕੁਝ ਹੋਰ ਸਿੱਖਣ ਦੀ ਤਾਂਘ ਸੀ।

ਗੁਰਮਤਿ ਕਾਲਜ ਵਿਚ ਉਹਨੀਂ ਦਿਨੀਂ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਪੜ੍ਹਾ ਰਹੇ ਸਨ। ਉਹ ਮੈਨੂੰ ਬੜਾ ਪਿਆਰ ਅਤੇ ਸਤਿਕਾਰ ਦਿੰਦੇ ਸਨ। ਉਥੇ ਰਹਿੰਦਿਆਂ ਸਵੇਰੇ ਗੁਰਦੁਆਰਾ ਸਾਹਿਬ ਵਿਚ ਜਾ ਕੇ ਕਥਾ ਕੀਰਤਨ ਕਰਨਾ, ਸੁਣਨਾ ਵੀ ਪੜ੍ਹਾਈ ਦਾ ਇਕ ਹਿੱਸਾ ਸੀ। ਮੈਂ ਆਮ ਤੌਰ 'ਤੇ ਕੀਰਤਨ ਕਰਦਾ ਸੀ। ਪ੍ਰਿੰਸੀਪਲ ਸਾਹਿਬ ਸਮੇਂ ਦੇ ਬੜੇ ਪਾਬੰਦ ਸਨ। ਮੈਂ ਕਦੀ ਲੇਟ ਹੋ ਜਾਣਾ ਤਾਂ ਉਨ੍ਹਾਂ ਉਠ ਕੇ ਮੇਰਾ ਸਵਾਗਤ ਕਰਨਾ ਤੇ ਨਾਲ ਹੀ ਕਹਿਣਾ-ਕੀਰਤਨੀਏ ਦਾ ਸਤਿਕਾਰ ਜ਼ਰੂਰ ਕਰਨਾ ਚਾਹੀਦਾ ਹੈ। ਇਕ ਦਿਨ ਉਨ੍ਹਾਂ ਗੁਰੂ ਦਰਬਾਰ ਦੇ ਰਬਾਬੀ ਕੀਰਤਨੀਆਂ ਭਾਈ ਮਰਦਾਨਾ, ਸੱਤਾ ਅਤੇ ਬਲਵੰਡ ਦੀ ਸਾਖੀ ਸੁਣਾਈ। ਉਨ੍ਹਾਂ ਨੇ ਉਸ ਸਾਖੀ ਵਿਚੋਂ ਬੜੀ ਅਦੁੱਤੀ ਸਿੱਖਿਆ ਸਾਨੂੰ ਯਾਦ ਕਰਵਾਈ।

ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਅਸੀਂ ਸਾਖੀਆਂ ਵਿਚ ਆਮ ਪੜ੍ਹਦੇ ਹਾਂ ਕਿ ਮਰਦਾਨਾ ਗੁਰੂ ਸਾਹਿਬ ਨਾਲ ਨਾਰਾਜ਼ ਹੋ ਜਾਂਦਾ ਸੀ। ਮਰਦਾਨੇ ਨੂੰ ਬੜੀ ਭੁੱਖ ਲਗਦੀ ਸੀ, ਗੁਰੂ ਨਾਨਕ ਦੇਵ ਜੀ ਉਸ ਨੂੰ ਪਿਆਰ ਨਾਲ ਮਨਾਉਂਦੇ ਸਨ ਕਿਉਂਕਿ ਉਹ ਰਬਾਬ ਬਹੁਤ ਵਧੀਆ ਵਜਾਉਂਦਾ ਸੀ ਇਸੇ ਲਈ ਭਾਈ ਗੁਰਦਾਸ ਜੀ ਨੇ ਲਿਖਿਆ ਹੈ: 'ਭਲਾ ਰਬਾਬ ਵਜਾਉਂਦਾ ਮਜਲਸ ਮਰਦਾਨਾ ਮੀਰਾਸੀ। ਗੁਰੂ ਸਾਹਿਬ ਸਾਨੂੰ ਸਮਝਾਉਣਾ ਚਾਹੁੰਦੇ ਸਨ ਕਿ ਸੁਰੀਲਾ ਕੀਰਤਨ ਕਰਨ ਵਾਲੇ ਕੀਰਤਨੀਏ ਕੋਮਲ ਚਿਤ ਹੁੰਦੇ ਹਨ। ਇਹਨਾਂ ਦੀਆਂ ਛੋਟੀਆਂ ਮੋਟੀਆਂ ਵਿਅਕਤੀਗਤ ਊਣਤਾਈਆਂ ਨੂੰ ਅਣਡਿੱਠ ਕਰਕੇ ਉਨ੍ਹਾਂ ਵਲੋਂ ਸੁਣਾਏ ਜਾ ਰਹੇ ਕੀਰਤਨ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦਾ ਸਤਿਕਾਰ ਕਰਦੇ ਰਹਿਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਬਲਵੰਡ ਰਬਾਬੀ ਗੁਰਬਾਣੀ ਗਾਇਨ ਕਰਨ ਲਈ ਦਿੱਤਾ, ਨਾਲ ਹੀ ਇਹ ਆਦੇਸ਼ ਦਿੱਤਾ ਕਿ ਇਸ ਨੂੰ ਇਸ ਤਰ੍ਹਾਂ ਰੱਖਣਾ ਜਿਵੇਂ ਬੱਤੀ ਦੰਦਾਂ ਵਿਚ ਜੀਭ ਰੱਖੀਦੀ ਹੈ। ਗੁਰੂ ਸਾਹਿਬਾਨ ਆਪਣੇ ਰਬਾਬੀਆਂ ਦੀ ਸੰਭਾਲ ਇੰਜ ਹੀ ਕਰਦੇ ਸਨ। ਜਦੋਂ ਰਬਾਬੀ ਰੁੱਸ ਗਏ ਤਾਂ ਗੁਰੂ ਅਰਜਨ ਦੇਵ ਜੀ ਉਨ੍ਹਾਂ ਨੂੰ ਮਨਾਉਣ ਲਈ ਖੁਦ ਗਏ। ਕੀ ਅਸੀਂ ਕਦੀ ਕੀਰਤਨੀਆਂ ਨੂੰ ਇਤਨਾ ਸਤਿਕਾਰ ਦਿੰਦੇ ਹਾਂ। ਜਦੋਂ ਰਬਾਬੀਆਂ ਨੇ ਮੁਆਫੀ ਮੰਗੀ ਤਾਂ ਉਨ੍ਹਾਂ ਨੂੰ ਇਤਨਾ ਸਤਿਕਾਰ ਦਿੱਤਾ ਕਿ ਉਨ੍ਹਾਂ ਦੀ ਰਚੀ ਬਾਣੀ ਨੂੰ ਗੁਰੂ ਤੁੱਲ ਦਰਜਾ ਦੇ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤਾ। ਜਾਪਦਾ ਹੈ ਕਿ ਚੰਗੇ ਕੀਰਤਨੀਆਂ ਦਾ ਸਾਨੂੰ ਇੰਜ ਹੀ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਹੀ ਉਹ ਗੁਰੂ ਸਥਾਨਾਂ ਤੇ ਸ਼ਰਧਾ ਅਤੇ ਚਾਅ ਨਾਲ ਕੀਰਤਨ ਕਰਨਗੇ ਅਤੇ ਉਨ੍ਹਾਂ ਦੀ ਦੇਖਾ ਦੇਖੀ ਹੋਰ ਯੋਗ ਕੀਰਤਨੀਏ ਬਣਨ ਦੀ ਪ੍ਰੇਰਨਾ ਲੈਣਗੇ। ਨਹੀਂ ਤਾਂ ਬੇਸੁਰੇ ਬੇਤਾਲੇ ਕੀਰਤਨੀਏ ਜਿਨ੍ਹਾਂ ਨੂੰ ਨਾ ਬਾਣੀ ਦੀ ਸਮਝ ਹੈ ਨਾ ਸਵੈਮਾਨ ਦੀ ਕੋਈ ਪ੍ਰਵਾਹ ਹੈ ਉਨ੍ਹਾਂ ਨੂੰ ਸੁਣਨ ਲਈ ਮਜਬੂਰ ਹੋਣਾ ਪਵੇਗਾ।

# ਧਰਮ ਤਾਂ ਇਕ ਹੀ ਹੈ- ਉਸਦਾ ਨਾਮ ਹੈ ਪਿਆਰ
# ਜਾਤ ਵੀ ਇਕੋ ਹੀ ਹੈ- ਉਸਦਾ ਨਾਮ ਹੈ ਮਾਨਵਤਾ

ਭਗਵੰਤ ਸਿੰਘ ਦਲਾਵਰੀ : ਤਪੋਵਨ, ਅਮਰਾਵਤੀ 444 602 (ਮਹਾਰਾਸ਼ਟਰਾ)

ਮਨਮੋਹਨ ਦੋਸਤ ਜੀ ਦੇ "ਹਾਦਸੇ" ਪ੍ਰੀਤਲੜੀ ਵਿਚ ਕਈ ਵਾਰ ਪੜ੍ਹੇ ਸਨ ਪਰ ਜੁਲਾਈ 2003 ਪਰਚੇ ਵਿਚ ਉਨ੍ਹਾਂ ਦਾ "ਹਸੀਨ ਹਾਦਸਾ" ਪੜ੍ਹ ਕੇ ਕਈ ਗੱਲਾਂ ਦਿਮਾਗ ਵਿਚ ਆਪਣੇ ਆਪ ਚੱਲਣ ਲੱਗ ਪਈਆਂ। ਦਿਲ ਕੀਤਾ ਉਨ੍ਹਾਂ ਨੂੰ ਚਿੱਠੀ ਲਿਖ ਕੇ ਤੇ ਉਨ੍ਹਾਂ ਦੇ ਚਰਨ ਪਕੜ ਕੇ ਕਹਾਂ ਕਿ ਵਸ਼ਿਸ਼ਟ ਸਾਹਿਬ (ਜੋ Police Training College, Phillaur ਵਿਚ ਉਨ੍ਹਾਂ ਦੇ Instructor ਸਨ) ਦੀਆਂ ਗੱਲਾਂ ਤੇ ਉਨ੍ਹਾਂ ਦੇ ਅਮਲ ਵਿਚੋਂ ਐਸਾ ਹੀ ਸੁਆਦ ਮਿਲਿਆ ਜਿਹੜਾ ਕਦੇ 50 ਸਾਲ ਪਹਿਲਾਂ ਸ. ਗੁਰਬਖਸ਼ ਸਿੰਘ ਦੀ ਕਿਤਾਬ "ਸਾਂਵੀ ਪਧਰੀ ਜ਼ਿੰਦਗੀ" ਪੜ੍ਹ ਕੇ ਮਿਲਿਆ ਸੀ। ਅਥਰੂਆਂ ਵਿਚ ਅਨੁਭਵ ਕੀਤਾ ਕਿ ਪੁਲੀਸ ਵਿਚ ਵੀ ਕਦੇ ਕਦੇ ਧਰਮ ਪਾਲਨ ਕਰਨ ਵਾਲੇ ਬੰਦੇ ਹੁੰਦੇ ਹਨ ਪਰ ਇਹ ਵੀ ਕੋਈ ਅਨਹੋਣੀ ਗੱਲ ਨਾ ਲੱਗੀ ਕਿਉਂਕਿ ਮਨਮੋਹਨ ਜੀ ਦੀ ਪੁਲੀਸ ਦੀ ਨੌਕਰੀ ਖਤਮ ਹੋ ਚੁੱਕੀ ਹੈ ਤੇ ਉਹ ਆਪਣੇ ਬੋਲਾਂ ਰਾਹੀਂ ਇਕ ਧਾਰਮਿਕ Instructor ਦੀ ਧਾਰਮਿਕਤਾ ਦਾ ਧਿਆਨ ਕਰਦਿਆਂ ਸਚਮੁੱਚ ਮਹਿਸੂਸ ਕਰ ਰਹੇ ਹਨ ਕਿ ਜਦ ਕੋਈ ਨੇਕ ਕੰਮਾਂ ਬਾਰੇ ਸੋਚਦਾ ਹੈ ਜਾਂ ਨੇਕ ਕੰਮਾਂ ਬਾਰੇ ਗੱਲ ਕਰਦਾ ਹੈ ਤਾਂ ਉਸ ਅੰਦਰ ਪਰਮਾਤਮਾ ਦਾ ਵਾਸਾ ਹੁੰਦਾ ਹੈ ਤੇ ਉਹ ਪ੍ਰਭੂ ਦੇ ਨੇੜੇ ਹੁੰਦਾ ਹੈ। ਮੈਂ ਵੇਖਿਆ ਕਿ ਮਨਮੋਹਨ ਜੀ ਦਾ ਪਤਾ ਨਹੀਂ ਸੀ ਲਿਖਿਆ ਹੋਇਆ ਤਾਂ ਮੈਨੂੰ ਸੁੱਝਿਆ ਕਿ ਪ੍ਰੀਤਲੜੀ ਦੇ ਪਾਠਕਾਂ ਲਈ ਇਸ "ਹਸੀਨ ਹਾਦਸੇ" ਪੜ੍ਹਨ ਤੋਂ ਉਪਜੇ ਵਿਚਾਰ ਅਤੇ ਸਿੱਖੀ ਦੀ ਵਿਚਾਰਧਾਰਾ ਦਾ ਖੋਲ ਕੇ ਵਰਨਣ ਕਰਾਂ।

ਮੈਂ ਕਈ ਵਾਰ ਆਪਣੇ ਲੇਖਾਂ ਵਿਚ ਅਤੇ ਛਪੀਆਂ ਪੁਸਤਕਾਂ ਵਿਚ ਜਾਂ ਗੁਰਮਤਿ ਵਿਚਾਰਾਂ ਕਰਦਿਆਂ ਕਹਿੰਦਾ ਹਾਂ- There is only one Religion, that of LOVE and there is only one Caste, that of HUMANITY. ਸਾਡੀ ਬਦਕਿਸਮਤੀ ਇਹ ਹੈ ਕਿ ਭਾਰਤ ਵਿਚ ਧਰਮ ਦੇ ਠੇਕੇਦਾਰ ਬਹੁਤ ਹਨ, ਧਰਮ ਦਾ ਪਾਖੰਡ ਬਹੁਤ ਹੈ, ਧਰਮ ਦੇ ਨਾਂ ਤੇ ਲੁਟ ਬਹੁਤ ਹੈ, ਧਰਮ ਦੀ ਆੜ ਵਿਚ ਆਕੜ, ਬੇਈਮਾਨੀ, ਗਰੀਬਮਾਰ, ਨਿੰਦਾ, ਚੁਗਲੀ, ਪੂਜਾਧਨ ਦਾ ਨਜਾਇਜ਼ ਇਸਤੇਮਾਲ, ਤੇ ਹੋਰ ਬਹੁਤ ਕੁਝ ਕੋਝਾ ਵੇਖਣ ਨੂੰ ਮਿਲਦਾ ਹੈ। ਹੋਰ ਬਦਕਿਸਮਤੀ ਇਹ ਹੈ ਕਿ ਧਰਮ ਦੀ ਇਹ ਦੁਰਦਸ਼ਾ ਕਰਨ ਵਾਲੇ ਧਾਰਮਿਕ ਲੀਡਰ, ਜਥੇਦਾਰ, ਸਿਆਸਤ ਨੂੰ ਚਮੁਠੇ ਹੋਏ, ਝੂਠ ਦੇ ਵਪਾਰੀ ਧਰਮ ਦਾ ਪਹਿਰਾਵਾ ਕਰਕੇ ਸਾਨੂੰ ਸਭ ਨੂੰ ਬੇਵਕੂਫ ਬਨਾਉਣ ਵਿਚ ਸਫਲ ਹੋਏ ਹਨ। ਕਿਉਂਕਿ ਅਸੀਂ ਆਪ ਵੀ ਇਹੋ ਜਿਹਾ ਜੀਵਨ ਨਿਭਾਉਂਦੇ ਹਾਂ, ਸਾਨੂੰ ਨਾ ਧੱਕਾ ਲੱਗਦਾ ਹੈ ਨਾ ਹੋਸ਼ ਆਉਂਦੀ ਹੈ, ਇਸ ਲਈ ਧਰਮ ਦੀ ਰੂਹ ਉਡ ਜਾਂਦੀ ਹੈ ਤੇ ਧਰਮ ਦਾ ਪਾਖੰਡ ਹੀ "ਰੂਹ" ਬਣ ਜਾਂਦੀ ਹੈ। ਕਦੇ ਕਦੇ ਕੋਈ ਵਸ਼ਿਸ਼ਟ ਸਾਹਿਬ ਕੋਈ ਮਨਮੋਹਨ ਦੋਸਤ ਧਰਮ ਦੀ ਝਲਕ ਵਿਖਾ ਕੇ ਅਖਾਂ ਵਿਚ ਚਮਨ ਲੈ ਆਉਂਦਾ ਹੈ।

ਇਕ ਵਾਰ ਮੈਂ ਲਿਖਿਆ ਸੀ ਕਿ ਧਰਮ ਦੀ ਗਲਤ ਵਰਤੋਂ ਵੇਖ ਕੇ, ਪਾਖੰਡੀ ਜਥੇਦਾਰਾਂ ਵੱਲ ਵੇਖ ਕੇ ਲੋਕੀਂ ਧਰਮ ਨੂੰ ਹੀ ਭੈੜਾ ਕਹਿਣ ਲੱਗ ਪੈਂਦੇ ਹਨ। ਇਹ ਤਾਂ ਇੰਜ ਹੋਇਆ ਜਿਵੇਂ ਬੱਚੇ ਨੂੰ ਨਵ੍ਹਾਉਂਦਿਆਂ ਸਾਬਣ ਨਾਲ ਭਰੇ ਗੰਦੇ ਪਾਣੀ ਨੂੰ ਡੋਲਣ ਨਾਲ ਬੱਚੇ ਨੂੰ ਵੀ ਸੁਟ ਦੇਈਏ। ਜਦੋਂ ਗੁਰਬਖਸ਼ ਸਿੰਘ ਆਪਣੇ ਸਰਲ ਸੁਭਾਅ ਵਿਚ ਤੇ ਅੰਦਰੋਂ-ਬਾਹਰੋਂ ਇਕ ਹੋ ਕੇ ਖਿਆਲ ਪ੍ਰਗਟ ਕਰਦੇ ਸਨ ਤੇ ਉਸ ਵੇਲੇ ਦੇ ਲੋਕਾਂ ਨੂੰ ਇੰਜ ਲੱਗਾ ਹੋਣਾ ਹੈ ਕਿ ਉਹ ਧਰਮ ਨੂੰ ਹੀ ਭੈੜਾ ਕਹਿ ਰਹੇ ਹਨ। ਅਸਲ ਵਿਚ ਜਦੋਂ ਬੰਦਾ ਪਾਖੰਡ ਬਹੁਤਾ ਵੇਖਦਾ ਹੈ ਤਾਂ ਉਹ ਕਾਹਲਾ ਪੈ ਕੇ ਪਾਖੰਡੀ ਧਰਮ ਦੀ ਨਿੰਦਾ ਕਰਦਾ ਹੈ ਤਾਂ ਅਖੌਤੀ ਗਿਆਨੀਆਂ (ਜਿਹੜੇ ਅਮਲੀ ਜੀਵਨ ਨਹੀਂ ਜਿਉਂਦੇ) ਨੂੰ ਬੜੀ ਸੱਟ ਵੱਜਦੀ ਹੈ।

ਜਿਸ ਧਰਮ ਵਿਚ ਮਿਹਨਤ ਜਾਂ ਦਿਆਨਤਦਾਰੀ ਨਹੀਂ ਉਸਨੂੰ ਧਰਮ ਕਿਹਾ ਹੀ ਨਹੀਂ ਜਾ ਸਕਦਾ ਤੇ ਕਿਉਂਕਿ ਪੁਲੀਸ ਵਾਲੇ ਆਮ ਤੌਰ ਤੇ ਇਨ੍ਹਾਂ ਦੋਹਾਂ ਸਿਫਤਾਂ ਤੋਂ ਕੋਰੇ ਹੋ ਜਾਂਦੇ ਹਨ, ਵਸ਼ਿਸ਼ਟ ਸਾਹਿਬ ਨੂੰ ਕਹਿਣਾ ਪਿਆ, "..... ਜੇ ਮੇਰੀ ਨਸੀਹਤ ਤੇ ਅਮਲ ਕਰੇਂਗਾ ਤਾਂ ਤੈਨੂੰ ਗੁਰ ਦਿਆਂਗਾ ਵਰਨਾ ਮਗਜ਼ਮਾਰੀ ਦਾ ਕੋਈ ਲਾਭ ਨਹੀਂ।" ਹੋਰ ਕਮਾਲ ਉਨ੍ਹਾਂ ਇਹ ਕੀਤਾ ਜਦੋਂ ਇਹ ਕਿਹਾ, ਦੂਜੀ

ਗੱਲ ਜਿਸ ਤੇ ਮੈਨੂੰ ਪੂਰਾ ਇਤਕਾਦ ਹੈ, ਕਿ ਜੇ ਕੋਈ ਆਦਮੀ ਮਿਹਨਤ ਤੇ ਦਿਆਨਤਦਾਰੀ ਨਾਲ ਕੰਮ ਕਰਨ ਦੀਆਂ ਦੋਨੋਂ ਸ਼ਰਤਾਂ ਪੂਰੀਆਂ ਕਰੇ ਤਾਂ ਤੀਸਰੀ ਸ਼ਰਤ ਭਗਵਾਨ ਤੇ ਆਈਨ ਹੁੰਦੀ ਹੈ ਕਿ ਉਹ ਉਸ ਇਨਸਾਨ ਦੇ ਸਾਰੇ ਕੰਮ ਸਵਾਰੇ ਤੇ ਇਹ ਸ਼ਰਤ ਭਗਵਾਨ ਜ਼ਰੂਰ ਪੂਰੀ ਕਰਦਾ ਹੈ। "ਆਫਰੀਨ ਹੈ ਵਸ਼ਿਸ਼ਟ ਸਾਹਿਬ ਦੀ ਸਮਝ ਨੂੰ ਤੇ ਮਨਮੋਹਨ ਜੀ ਦੇ ਉਨ੍ਹਾਂ ਗੱਲਾਂ ਨੂੰ ਅਮਲ ਵਿਚ ਲਿਆਉਣ ਦੇ।

ਆਓ ਅਸੀਂ ਹੁਣ ਸੋਚੀਏ ਕਿ ਇਨ੍ਹਾਂ ਫਰਕ ਗੱਲਾਂ ਵਿਚ ਜਾਂ ਧਰਮ ਦੀ ਅਸਲੀਅਤ ਵਿਚ ਕੋਈ ਹੈ। ਮੈਨੂੰ ਤਾਂ ਬਿਲਕੁਲ ਨਹੀਂ ਜਾਪਦਾ। ਹਾਂ, ਇਕ ਵੱਖਰੀ ਗੱਲ ਹੈ ਕਿ ਇਨ੍ਹਾਂ ਗੱਲਾਂ ਦੇ ਇਲਾਵਾ ਧਰਮ ਦੇ ਹੋਰ ਵੀ ਕਈ ਅਸੂਲ ਹਨ ਜਿਨ੍ਹਾਂ ਬਾਰੇ ਅਸੀਂ ਵਿਚਾਰ ਕਰਦੇ ਹਾਂ। ਪਹਿਲਾਂ ਇਸ ਗੱਲ ਵਿਚੋਂ ਵਸ਼ਿਸ਼ਟ ਸਾਹਿਬ ਦਾ ਪ੍ਰਭੂ ਵਿਚ ਪੂਰਨ ਭਰੋਸਾ ਪਰਗਟ ਹੁੰਦਾ ਹੈ। ਅਸਲ ਵਿਚੋਂ ਜਦੋਂ ਬੰਦਾ ਆਪਣੇ ਅੰਦਰ ਪ੍ਰਭੂ ਦੀ ਹੋਂਦ ਮਹਿਸੂਸ ਕਰਦਾ ਹੈ ਤਾਂ ਉਸਦੀ ਜ਼ਿੰਦਗੀ ਆਪਣੇ ਆਪ ਬਦਲ ਜਾਂਦੀ ਹੈ। "ਸਰਬਤ ਦਾ ਭਲਾ" ਉਸਨੂੰ ਇਕ ਗੁਰ ਨਹੀਂ ਦਿਸਦਾ ਸਗੋਂ ਆਪਣੀ Lifeline ਭਾਸਦੀ ਹੈ। ਗੁਰਬਾਣੀ ਦੀਆਂ ਕੁਝ ਤੁਕਾਂ ਜੋ ਇਸ ਹਸੀਨ ਹਾਦਸੇ ਦੀ ਪ੍ਰੋੜਤਾ ਕਰਦੀਆਂ ਹਨ ਉਨ੍ਹਾਂ ਨੂੰ ਵਿਚਾਰਦੇ ਹਾਂ।

*ਵਿਣੁ ਗੁਣ ਕੀਤੇ ਭਗਤਿ ਨਾ ਹੋਇ॥* (ਪੰਨਾ 4)

ਗੁਰੂ ਨਾਨਕ ਦੇਵ ਜੀ ਆਪ ਕਹਿੰਦੇ ਹਨ ਕਿ ਜੇ ਤੁਹਾਡੇ ਵਿਚ ਚੰਗੇ ਗੁਣ ਨਹੀਂ ਤਾਂ ਭਗਤੀ ਹੋ ਹੀ ਨਹੀਂ ਸਕਦੀ।

*ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥*

(ਭਗਤ ਰਵਿਦਾਸ ਜੀ, ਪੰਨਾ 694)

ਭਗਤ ਜੀ ਕਹਿੰਦੇ ਹਨ ਕਿ ਸਾਧ ਸੰਗਤ ਕੀਤੇ ਬਗੈਰ ਪਿਆਰ ਨਹੀਂ ਉਪਜਦਾ ਤੇ ਪਿਆਰ ਉਪਜੇ ਬਗੈਰ ਭਗਤੀ ਨਹੀਂ ਹੋ ਸਕਦੀ। ਮਤਲਬ ਇਹ ਹੋਇਆ ਕਿ ਜੇ ਧਰਮ ਹੈ ਹੀ ਪਿਆਰ ਤਾਂ ਧਾਰਮਿਕ ਲੋਕਾਂ ਦੀ ਸੰਗਤ ਪ੍ਰਭੂ ਦੀ ਭਗਤੀ ਰਾਹੀਂ ਸਭ ਨਾਲ ਪਿਆਰ ਪੈਦਾ ਕਰੇਗੀ।

*ਮਨੁ ਬੇਚੈ ਸਤਿਗੁਰ ਕੈ ਪਾਸਿ*
*ਤਿਸੁ ਸੇਵਕ ਕੇ ਕਾਰਜ ਰਾਸਿ॥*

(ਗੁਰੂ ਅਰਜਨ ਦੇਵ, ਪੰਨਾ 286)

ਗੁਰੂ ਸਾਹਿਬ ਕਹਿੰਦੇ ਹਨ ਜਦੋਂ ਅਸੀਂ ਪ੍ਰਭੂ ਦੇ ਪਿਆਰ ਵਿਚ ਆਪਣਾ ਆਪ ਮਿਟਾ ਦੇਂਦੇ ਹਾਂ ਤਾਂ ਪ੍ਰਭੂ ਸਾਡੇ ਸਾਰੇ ਕਾਰਜ, ਜਿਵੇਂ ਵਸ਼ਿਸ਼ਟ ਸਾਹਿਬ ਕਹਿੰਦੇ ਹਨ ਆਪਣੇ ਆਪ ਪੂਰੇ ਕਰਦੇ ਹਨ।

ਮਨਮੋਹਨ ਦੋਸਤ ਜੀ ਦੇ 'ਹਸੀਨ ਹਾਦਸੇ' ਨੂੰ ਹੋਰ ਹਸੀਨ ਬਨਾਉਣ ਲਈ ਮੈਂ ਸਿੱਖ ਧਰਮ ਦੀ ਹਸੀਨਤਾ ਗੁਰੂ ਸਾਹਿਬਾਨ ਦੇ ਆਪਣੇ ਲਫਜ਼ਾਂ ਵਿਚ ਇਨਸਾਨੀਅਤ ਦੀ ਭੇਟਾ ਕਰਦਾ ਹਾਂ। ਲੱਗਦਾ ਹੈ ਸਾਡੇ ਜਥੇਦਾਰਾਂ ਨੇ ਜਾਂ ਪੁਲੀਸ ਵਾਲਿਆਂ ਨੇ ਸਾਡੇ ਸਾਰਿਆਂ ਵਾਂਗ ਕਦੇ ਧਿਆਨ ਨਹੀਂ ਦਿੱਤਾ।

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

(ਜਪੁਜੀ ਸਾਹਿਬ)

ਅਸੀਂ ਬੇਈਮਾਨੀ ਤੇ ਪਾਖੰਡ ਦੇ ਜੀਵਨ ਵਿਚ ਸਦਾ ਦੁਖੀ ਰਹਿੰਦੇ ਹਾਂ। ਗੁਰੂ ਨਾਨਕ ਸਾਡੇ ਝੂਠ ਦੀ ਦੀਵਾਰ ਨੂੰ ਤੋੜਨ ਲਈ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ ਸਚਿਆਰਾ ਬਨਾਉਣਾ ਸਿਖਾਉਂਦੇ ਹਨ ਤੇ ਸਚਿਆਰੇ ਨੂੰ ਨਾ ਕੋਈ ਸ਼ਿਕਾਇਤ ਹੈ ਤੇ ਨਾ ਹੀ ਕੋਈ ਦੁਖ।

*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*

(ਗੁਰੂ ਗੋਬਿੰਦ ਸਿੰਘ)

ਜਦ ਸਾਰੀ ਮਾਨਵਤਾ ਹੀ ਆਪਣੀ ਹੈ ਤਾ ਕਿਸ ਕੋਲੋਂ ਰਿਸ਼ਵਤ ਲੈਣੀ ਹੈ ਤੇ ਕਿਸ ਨੂੰ ਟਾਰਚਰ ਕਰਨਾ ਹੈ।

*ਸਭ ਕੋ ਮੀਤੁ ਹਮ ਆਪਨ ਕੀਨਾ*
*ਹਮ ਸਭਨਾ ਕੇ ਸਾਜਨ॥*

(ਗੁਰੂ ਅਰਜਨ ਦੇਵ, ਪੰਨਾ 671)

ਜਦੋਂ ਗੁਰੂ ਸਾਹਿਬਾਨ ਸਾਨੂੰ ਪ੍ਰੇਰਦੇ ਹਨ ਕਿ ਅਸੀਂ ਸਭ ਦੇ ਮਿਤ੍ਰ ਬਣਨਾ ਹੈ ਤਾਂ ਕਿਸੇ ਨਾਲ ਧੋਖਾ ਕਿਵੇਂ ਕਰ ਸਕਦੇ ਹਾਂ।

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*

(ਗੁਰੂ ਰਾਮਦਾਸ ਜੀ, ਪੰਨਾ 1245)

ਜਦੋਂ ਸਾਨੂੰ ਹੁਕਮ ਹੈ ਕਿ ਆਪਣੀ ਮਿਹਨਤ ਦੀ ਕਮਾਈ ਵਿਚੋਂ ਵੀ ਦਸਵੰਧ ਕਢ ਕੇ, ਵੰਡ ਕੇ, ਖਾਣਾ ਹੈ ਤਾਂ ਅਸੀ ਕਿਸੇ ਦਾ ਹੱਕ ਕਿਵੇਂ ਮਾਰ ਸਕਦੇ ਹਾਂ।

*ਸਾਸਿ ਸਾਸਿ ਸਿਮਰਹੁ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥*

(ਗੁਰੂ ਅਰਜਨ ਦੇਵ, ਪੰਨਾ 295)

ਜੇ "ਹਸੀਨ ਹਾਦਸਾ" ਲਿਖਦਿਆਂ ਪ੍ਰਭੂ ਦੀ ਨੇੜਤਾ ਮਹਿਸੂਸ ਹੁੰਦੀ ਹੈ, ਜੇ ਪ੍ਰਭੂ ਹਰ ਸੁਆਸ ਵਿਚ ਵਸ ਜਾਏ ਤਾਂ ਅਸੀਂ ਪੂਰੀ ਤਰ੍ਹਾਂ ਚਿੰਤਾਹੀਨ ਹੋ ਜਾਵਾਂਗੇ।

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨਾ ਨਿੰਦਕਾ ਨਰਕੇ ਘੋਰਿ ਪਵੰਨਿ॥*

(ਗੁਰੂ ਅਮਰਦਾਸ ਜੀ, ਪੰਨਾ 755)

ਜੇ ਨਿੰਦਾ ਕਰਨ ਨਾਲ ਸਾਡਾ ਮੂੰਹ ਕਾਲਾ ਹੋਣਾ ਹੈ ਤੇ ਨਰਕ ਵਿਚ ਵੀ ਜਾਣਾ ਪਏਗਾ ਤਾਂ ਅਸੀਂ ਨਿੰਦਾ ਕਿਉਂ ਕਰਾਂਗੇ।

*ਜਾਤਿ ਕਾ ਗਰਬੁ ਨ ਕਰੀਅਹੁ ਕੋਈ॥*

(ਗੁਰੂ ਅਮਰਦਾਸ ਜੀ, ਪੰਨਾ 1127)

ਗੁਰੂ ਸਾਹਿਬ ਨੇ ਸਾਨੂੰ ਜਾਤ ਪਾਤ ਵਿਚੋਂ ਨਿਕਲਣ ਲਈ ਕਿਹਾ ਹੈ ਪਰ ਅਸੀਂ ਮੂਰਖ ਉਥੇ ਹੀ ਬੈਠੇ ਹਾਂ।

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ*
*ਚਹੁ ਵਰਨਾ ਕਉ ਸਾਝਾ॥*

(ਗੁਰੂ ਅਰਜਨ ਦੇਵ, ਪੰਨਾ 747)

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਸਿੱਖਿਆ ਸਰਬ ਸਾਂਝੀ ਹੈ ਤੇ ਗੁਰੂ ਸਾਹਿਬ ਨੇ ਅਖੌਤੀ ਨੀਚ ਜਾਤ ਦੇ ਭਗਤਾਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਕੇ ਉਨ੍ਹਾਂ ਦੀ ਬਾਣੀ ਨੂੰ ਵੀ ਸਾਡਾ ਗੁਰੂ ਬਣਾ ਦਿੱਤਾ।

ਬਸ ਹੋਰ ਨਹੀਂ ਲਿਖਦਾ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ 72 ਸਾਲ ਦੀ ਜ਼ਿੰਦਗੀ ਵਿਚ ਧਰਮ ਦੀ ਪਾਲਣਾ ਤੋਂ ਵਧ ਕੋਈ ਹੋਰ ਹਸੀਨ ਚੀਜ਼ ਨਹੀਂ ਦੇਖੀ। ਮਨਮੋਹਨ ਜੀ ਦੀ ਕਿਸਮਤ ਚੰਗੀ ਕਿ ਉਹ ਵਸ਼ਿਸ਼ਟ ਸਾਹਿਬ ਦੇ ਆਖੇ ਲੱਗ ਕੇ ਸਿਰਫ਼ ਦੁਨਿਆਵੀ ਮੌਜਾਂ ਹੀ ਨਹੀਂ ਕਰ ਰਹੇ, ਪ੍ਰਭੂ ਦੀ ਹਜ਼ੂਰੀ ਵੀ ਮਹਿਸੂਸ ਕਰ ਰਹੇ ਹਨ। ਮੈਂ ਜਦੋਂ ਛੋਟਾ ਹੁੰਦਾ ਸਾਂ ਡੇਲ ਕਾਰਨਗੀ ਦੀਆਂ ਕਿਤਾਬਾਂ ਪੜ੍ਹ ਕੇ ਕੋਸ਼ਿਸ਼ ਕਰਦਾ ਸੀ ਕਿ ਮੈਂ ਚਿੰਤਾ ਨਾ ਕਰਾਂ ਤੇ ਸਭ ਨੂੰ ਆਪਣਾ ਮਿਤ੍ਰ ਬਣਾ ਲਵਾਂ। ਪਰ ਮੇਰੇ ਵਿਚ ਕੋਈ ਤਬਦੀਲੀ ਨਾ ਆਈ। ਜਦੋਂ ਗੁਰੂ ਨੇ ਕਿਰਪਾ ਕਰ ਕੇ ਆਪਣੀ ਸਿੱਖਿਆ ਰਾਹੀਂ ਗੁਰੂ ਦੀ authority ਨਾਲ ਮੈਨੂੰ ਇਨਸਾਨ ਬਣਨਾ ਸਿਖਾਇਆ ਤਾਂ ਮੇਰਾ ਮਨ ਗਦਗਦ ਹੋ ਉਠਿਆ। ਹੁਣ ਤਾਂ ਮੈ ਇਕ Christiarn ਪੁਸਤਕ 'ਚੋਂ ਜੋ ਪੜ੍ਹਿਆ ਹੈ ਉਸ ਵਿਚ ਪੂਰੀ ਤਰ੍ਹਾਂ ਯਕੀਨ ਰੱਖਦਾ ਹਾਂ, "ਕੋਈ ਬੰਦਾ, ਜੋ ਵਾਹਿਗੁਰੂ ਤੋਂ ਵਧ ਉਸ ਦੀਆਂ ਬਣਾਈਆਂ ਚੀਜ਼ਾਂ ਵਿਚ ਧਿਆਨ ਦੇਂਦਾ ਹੈ ਉਸਨੂੰ ਸਿਵਾਇ ਦੁਖ ਦੇ, ਬੇਚੈਨੀ ਤੇ ਨਾਖੁਸ਼ੀ ਦੇ ਕੁਝ ਨਹੀ ਮਿਲੇਗਾ।

ਭਾਵੇਂ ਉਸਨੂੰ ਨਹੀਂ ਪਤਾ ਪਰ ਉਹ ਆਪਣੇ ਸਤਿਆਨਾਸ ਦੀ ਯੋਜਨਾ ਬਣਾ ਰਿਹਾ ਹੈ।" ਮੈਂ ਸ਼ਰਮ ਨਾਲ ਮੰਨਦਾ ਹਾਂ ਕਿ ਮੈਂ 40 ਸਾਲ, ਮੈਨੂੰ ਪਤਾ ਨਾ ਹੋਣ ਕਰਕੇ ਆਪਣੇ ਸਤਿਆਨਾਸ ਹੋਣ ਦੀ ਯੋਜਨਾ ਬਣਾਉਂਦਾ ਰਿਹਾ ਤੇ ਹੁਣ ਦੇ 32 ਸਾਲਾਂ ਵਿਚ ਮੇਰੇ ਨਾਲ ਹਰ ਰੋਜ਼ ਇਕ ਤੋਂ ਇਕ ਵੱਧ ਹਸੀਨ ਹਾਦਸੇ ਹੁੰਦੇ ਰਹਿੰਦੇ ਹਨ। ਗੁਰੂ ਨਾਨਕ ਦੀ ਸਿੱਖਿਆ ਰਾਹੀਂ ਕੋਹੜ ਦੇ ਮਰੀਜਾਂ ਨੂੰ ਆਪਣੇ ਭੈਣ-ਭਰਾ, ਮਾਤਾ-ਪਿਤਾ, ਬੱਚੇ ਸਮਝ ਕੇ ਉਨ੍ਹਾਂ ਨਾਲ 24 ਸਾਲਾਂ ਤੋਂ ਆਪਣੀ ਮਰਜੀ ਨਾਲ ਗਰੀਬੀ ਵਿਚ ਰਹਿਣਾ ਤੇ ਉਨ੍ਹਾਂ ਕੋਲੋਂ ਬਹੁਮੁੱਲਾ ਪਿਆਰ ਪਾ ਕੇ ਮਨੁੱਖ ਦੀ ਇਕੋ ਜਾਤ ਦਾ ਅਨੁਭਵ ਕਰਨਾ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਰੂਪ ਦਾ ਹੀ ਪ੍ਰਤੀਕ ਹੈ। ਮੈਨੂੰ ਯਕੀਨ ਹੈ ਕਿ ਮੈਂ ਧਰਮ ਨੂੰ ਅਮਲੀ ਤੌਰ ਤੇ ਜੀਉਣ ਦੇ ਸ਼ੌਕ ਤੋਂ ਬਗੈਰ ਕਦੇ ਇਹ ਨਹੀਂ ਸੀ ਕਰ ਸਕਦਾ। ਧਰਮ ਦੀ ਪਰੀਭਾਸ਼ਾ ਕੇਵਲ "ਪਿਆਰ" ਤੇ ਜਾਤ ਦੀ ਪਰੀਭਾਸ਼ਾ "ਇਨਸਾਨੀਅਤ" ਮੇਰੀ ਅਨੁਭਵੀ ਸਚਾਈ ਹੈ ਕਿਉਂਕਿ ਇਥੇ ਨਾ ਕੋਈ ਸਿੱਖ ਹੈ ਨਾ ਕੋਈ ਪੰਜਾਬੀ ਪਰ ਸਾਰਾ ਤਪੋਵਨ ਮੇਰਾ ਸਿੱਖੀ ਪਰਿਵਾਰ ਹੈ। ਵਸ਼ਿਸ਼ਟ ਸਾਹਿਬ ਤੇ ਮਨਮੋਹਨ ਦੋਸਤ ਜੀ ਨੂੰ ਮੇਰਾ ਸਲਾਮ।

# ਜਪੁਜੀ ਸਾਹਿਬ ਦੀ ਮਨੁੱਖ ਨੂੰ ਦੇਣ

ਸੋਹਣ ਸਿੰਘ : 3027, ਸੈਕਟਰ 27-ਡੀ, ਚੰਡੀਗੜ੍ਹ

ਜਪੁਜੀ ਸਾਹਿਬ ਬਾਣੀ ਗੁਰੂ ਨਾਨਕ ਸਾਹਿਬ ਦੀ ਖੁਦਾਦਾਦ ਅਣਭੱਵਤਾ ਅਤੇ ਆਪਣੇ 70 ਸਾਲਾ ਜੀਵਨ ਦੀ ਬਹੁਮੁਖੀ ਪ੍ਰੈਕਟੀਕਲ ਘਾਲਣਾ ਦਾ ਨਿਚੋੜ ਹੈ। ਇਸ ਰਾਹੀਂ ਪ੍ਰਾਣੀ ਨੂੰ ਪਾਰਬ੍ਰਹਮ ਦਾ ਸਵਰੂਪ, ਗੁਣ, ਅਗੰਮਤਾ, ਵਿਰਾਸਤ ਤੇ ਸਿੱਖਿਆ ਦਰਸਾਈ ਹੈ। ਇਸ ਵਿਚ ਪ੍ਰਮ ਸ਼ਕਤੀ ਦੀ ਕਿਰਤ "ਕੁਦਰਤ" ਦਾ ਅਨੰਦ ਲੈਂਦਿਆਂ ਹੋਇਆ, ਉਸ ਦੇ ਅਹਿਮ ਹਿੱਸੇ ਮਾਇਆ ਦਾ ਜਾਲ ਅਤੇ ਉਸ ਤੋਂ ਉਪਰਾਮ ਰਹਿਣ ਲਈ ਮਨੁੱਖ ਨੂੰ ਆਪਣੀ ਜੀਵਨੀ ਕਿਸ ਤਰ੍ਹਾਂ ਦੀ ਢਾਲਣੀ ਚਾਹੀਦੀ ਹੈ, ਦਰਸਾਇਆ ਹੈ; ਤਾਂ ਜੋ ਉਹ ਹਉਮੈ ਰੋਗ ਤੋਂ ਨਵਿਰਤੀ ਪਾ ਸਕੇ ਅਤੇ ਈਸ਼ਵਰ ਨਾਲ ਇਕ ਮਿਕ ਹੋਣ ਲਈ ਭਲੀ ਭਾਂਤ ਉਪਰਾਲਾ ਕਰ ਸਕੇ।

ਇਸ ਲੇਖ ਵਿਚ ਇਸੀ ਲਹਿਜ਼ੇ ਤੇ ਗੁਰੂ ਨਾਨਕ ਸਾਹਿਬ ਦੀ ਦੇਣ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

**1. ਪ੍ਰਮ ਸ਼ਕਤੀ ਦਾ ਸਵਰੂਪ :**

ੴ ਓਅੰ ਓਅੰ ਓਅੰ ਓਅੰ ਓਅੰ ਕਾਰ ਪ੍ਰਮ ਸ਼ਕਤੀ, ਬ੍ਰਹਮ (ॐ), ਇਕ ਹੈ ਜੋ ਨਿਰਗੁਣ ਸਰੂਪ ਸਰਗੁਣ ਸਰੂਪ, ਇਕ ਰਸ ਹੈ ਅਤੇ ਉਸ ਦੀ ਕਾਰ (ਕੁਦਰਤ) ਵੀ ਇਕ ਹੈ।

**2. ਪ੍ਰਮ ਸ਼ਕਤੀ ਦੇ ਕੁਝ ਗੁਣ**

*ਸਤਿਨਾਮੁ*

"ੴ" ਪ੍ਰਮ ਸ਼ਕਤੀ ਦਾ ਹੀ ਸੱਚਾ ਨਾਮ ਹੈ।

*ਕਰਤਾ ਪੁਰਖੁ*

ਰਚਨਹਾਰ ਵਿਅਕਤੀ ਹੈ

*ਨਿਰਭਉ*

ਡਰ ਰਹਿਤ ਹੈ

*ਨਿਰਵੈਰੁ*

ਵੈਰ ਰਹਿਤ ਹੈ

*ਅਕਾਲ ਮੂਰਤਿ*

ਅਮਰ ਸਰੂਪ ਹੈ

*ਅਜੂਨੀ*

ਅਜੱਨਮਾ ਹੈ

*ਸੈਭੰ*

ਸ੍ਵੈ ਪ੍ਰਕਾਸ਼ਮਾਨ ਹੈ

*ਆਦਿ ਸਚੁ ਜੁਗਾਦਿ ਸਚੁ,*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਪ੍ਰਾਰੰਭ ਚ ਸੱਚਾ, ਜੁਗਾਂ ਦੇ ਅਰੰਭ ਚ ਸੱਚਾ, ਹੁਣ ਵੀ ਸੱਚਾ ਤੇ ਅਗਾਂਹ ਵੀ ਸੱਚਾ ਹੀ ਰਹੇਗਾ।

*ਕਥਨਾ ਕਥੀ ਨ ਆਵੈ ਤੋਟਿ*
*ਕਥਿ ਕਥਿ ਕਥੀ ਕੋਟੀ ਕੋਟਿ ॥*

ਉਸ ਪ੍ਰਮ ਸ਼ਕਤੀ ਦੀਆਂ ਕਥਾ ਕਹਾਣੀਆਂ ਕਰੋੜਾਂ ਨੇ ਕਰੋੜਾਂ ਵਾਰੀ ਬਿਆਨ ਕੀਤੀਆਂ ਪ੍ਰੰਤੂ ਉਸ ਦਾ ਅੰਤ ਨ ਪਾ ਸਕੇ।

*ਦੇਦਾ ਦੇ ਲੈਦੇ ਥਕਿ ਪਾਹਿ।*
*ਜੁਗਾ ਜੁਗੰਤਰਿ ਖਾਹੀ ਖਾਹਿ...*
*ਨਾਨਕ ਵਿਗਸੈ ਵੇਪਰਵਾਹੁ ॥*

ਦੇਣ ਵਾਲਾ ਦਾਤਾਂ ਦਿੰਦਾ ਹੀ ਚਲਿਆ ਜਾਂਦਾ ਹੈ ਪ੍ਰੰਤੂ ਲੈਣ ਵਾਲੇ ਥੱਕ ਜਾਂਦੇ ਹਨ। ਜੁਗਾਂ ਤੋਂ ਜੀਵ ਉਸ ਦੀਆਂ ਦਾਤਾਂ ਖਾਈ ਜਾ ਰਹੇ ਹਨ।... ਉਹ ਵੇਪਰਵਾਹ ਖੁਸ਼ ਹੀ ਹੁੰਦਾ ਹੈ।

**3. ਗੁਰੂ ਨਾਨਕ ਸਾਹਿਬ ਦੀ ਪ੍ਰਮਸ਼ਕਤੀ ਪ੍ਰਤੀ ਅਗੰਮਤਾ**

*ਗੁਰਮੁਖਿ ਨਾਦੰ, ਗੁਰਮੁਖਿ ਵੇਦੰ,*
*ਗੁਰਮੁਖਿ ਰਹਿਆ ਸਮਾਇ ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ,*
*ਗੁਰ ਪਾਰਬਤੀ ਮਾਈ ॥*
*ਜੇ ਹਉ ਜਾਣਾ, ਆਖਾਂ ਨਾਹੀ,*
*ਕਹਣਾ ਕਥਨੁ ਨ ਜਾਈ ॥*

ਪ੍ਰਭੂ ਨੂੰ ਸਲਾਹੁਦਿਆਂ ਗੁਰੂ ਜੀ ਬਿਆਨ ਕਰਦੇ ਹਨ ਕਿ ਪ੍ਰਮ ਸ਼ਕਤੀ ਤੋਂ ਹੀ ਸ਼ਬਦ ਧੁਨਿ ਰਾਹੀਂ ਉਪਜਿਆ ਅਤੇ ਵੇਦਾਂ/ਸ਼ਾਸਤਰਾਂ ਰਾਹੀਂ ਉਪਜਿਆ ਗਿਆਨ ਪ੍ਰਾਪਤ ਹੁੰਦਾ ਹੈ। ਦੁਨਿਆਵੀ ਮੰਨੇ ਜਾਂਦੇ ਗੁਰੂ (ਬ੍ਰਹਮਾ, ਵਿਸ਼ਨੂੰ, ਸ਼ਿਵ, ਗੋਰਖ ਅਤੇ ਪਾਰਵਤੀ) ਉਸ ਪ੍ਰਭੂ ਦੇ ਅਨੁਸ਼ਾਸਨ ਵਿਚ ਵਿਚਰ ਰਹੇ ਹਨ ਕਿਉਂਕਿ ਉਹ ਹਰ ਹਸਤੀ ਚ ਸਮਾਇਆ ਹੋਇਆ ਹੈ। ਉਸ ਪ੍ਰਭੂ ਬਾਰੇ ਜੇ ਮੈਂ ਜਾਣਦਾ ਹੋਵਾਂ ਤਾਂ ਆਖਾਂ ਨਾ। ਉਸ ਦੀ ਅਥਾਹ ਪ੍ਰਭਲਤਾ ਬਾਰੇ

ਕੁਝ ਨਹੀਂ ਕਿਹਾ ਜਾ ਸਕਦਾ।

*ਜੇ ਜੁਗ ਚਾਰੇ ਆਰਜਾ,*
*ਹੋਰ ਦਸੂਣੀ ਹੋਇ॥...*
*ਨਾਨਕ ਨਿਰਗੁਣਿ ਗੁਣੁ ਕਰੇ*
*ਗੁਣਵੰਤਿਆ ਗੁਣੁ ਦੇ॥*
*ਤੇਹਾ ਕੋਇ ਨ ਸੁਝਈ*
*ਜਿ ਤਿਸੁ ਗੁਣੁ ਕੋਇ ਕਰੇ॥*

ਗੁਰੂ ਸਾਹਿਬ ਪਾਰਬ੍ਰਹਮ ਦੀ ਫਰਾਖਦਿਲੀ ਬਾਰੇ ਦੱਸਦੇ ਹਨ ਕਿ ਉਹ ਦੁਨਿਆਵੀ ਧਨਵੰਤ ਮਨੁੱਖ ਜੋ ਉਸ ਨੂੰ ਭੁਲ ਵੀ ਚੁੱਕਾ ਹੈ, ਨੂੰ ਵੀ ਗੁਣ ਬਖਸ਼ਦਾ ਹੈ ਤੇ ਗੁਣਵਾਨਾਂ ਨੂੰ ਹੋਰ ਤੇ ਹੋਰ ਗੁਣ ਦਿੰਦਾ ਹੈ। ਪਰੰਤੂ ਉਸ ਪਾਰਬ੍ਰਹਮ ਨੂੰ ਗੁਣ ਦੇਣ ਵਾਲੀ ਕੋਈ ਹਸਤੀ ਨਹੀਂ ਸੁਝ ਰਹੀ, ਕਿਉਂਕਿ ਉਹ ਆਪ ਗੁਣ ਨਿਧਾਣ ਹੈ।

*ਸੁਣਿਐ ਸਿਧ ਪੀਰ ਸੁਰਿ ਨਾਥ।...*
*ਨਾਨਕ ਭਗਤਾ ਸਦਾ ਵਿਗਾਸੁ॥*
*ਮੰਨੇ ਕੀ ਗਤਿ ਕਹੀ ਨ ਜਾਇ।*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*

ਜੋ ਪ੍ਰਾਣੀ ਅੰਤਰ ਆਤਮੇ ਪ੍ਰਭੂ ਦਾ ਨਾਮ ਸੁਣਦੇ ਹਨ, ਉਹਨਾਂ ਨੂੰ ਰਿੱਧੀਆਂ ਸਿੱਧੀਆਂ ਅਤੇ ਨੌਨਿੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਜੋ ਪ੍ਰਾਣੀ ਨਾਮ-ਸਿੱਖਿਆ ਮੰਨ ਕੇ ਪ੍ਰੈਕਟੀਕਲ ਜੀਵਨ ਵਿਚ ਢਾਲਦੇ ਹਨ ਉਹਨਾਂ ਦੀ ਆਤਮਿਕ ਅਵਸਥਾ ਦਾ ਬਿਆਨ ਕਰਨਾ ਅਸੰਭਵ ਹੈ ਅਤੇ ਲਿਖਤ ਵਿਚ ਲਿਆਉਣਾ ਵੀ ਅਧੂਰਾ ਹੋਵੇਗਾ।

*ਪੰਚ ਪਰਵਾਣ ਪੰਚ ਪਰਧਾਨੁ।*
*ਪੰਚੇ ਪਾਵਹਿ ਦਰਗਹਿ ਮਾਨੁ॥...*
*ਜੇ ਕੋ ਕਹੈ ਕਰੈ ਵੀਚਾਰੁ।*
*ਕਰਤੇ ਕੈ ਕਰਣੈ ਨਾਹੀ ਸੁਮਾਰੁ॥*
*ਧੌਲੁ ਧਰਮੁ ਦਇਆ ਕਾ ਪੂਤੁ॥...*
*ਕੁਦਰਤਿ ਕਵਣ ਕਹਾ ਵੀਚਾਰੁ।*
*ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥*

ਜੋ ਪ੍ਰਾਣੀ ਪ੍ਰਭੂ ਨਾਮ ਅੰਤਰ ਆਤਮੇ ਸੁਣਨ ਨਾਲ ਤੇ ਨਾਮ-ਸਿੱਖਿਆ ਮਨੋਂ ਮੰਨਣ ਨਾਲ ਪੰਚ ਬਣ ਬਹਿੰਦੇ ਹਨ ਉਹਨਾਂ ਪ੍ਰਤੀ ਕੁਝ ਵੀਚਾਰ ਕਰਨੀ ਮੁਮਕਨ ਨਹੀ ਕਿਉਂਕਿ ਉਹ ਤਾਂ ਜਨਮ ਮਰਨ ਦੇ ਗੇੜ ਚੋਂ ਮੁਕਤੀ ਪਾ ਚੁੱਕੇ ਹੁੰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਦੀ ਕਿਰਤ (ਕੁਦਰਤ) ਦਾ ਅੰਤ-ਅੰਦਾਜਾ ਨਹੀਂ ਲੱਗ ਸਕਦਾ। ਮੇਰੀ ਕੀ ਹਸਤੀ ਹੈ ਕਿ ਮੈਂ ਉਸ ਦਾ ਕੁਝ ਬਿਆਨ ਕਰ ਸਕਾਂ? ਇਸ ਤਰ੍ਹਾਂ ਆਪਣੀ ਹਸਤੀ ਤੋਂ ਇਨਕਾਰੀ ਹੁੰਦਿਆਂ ਹੋਇਆਂ ਪ੍ਰਭੂ ਤੋਂ ਵਾਰ ਵਾਰ ਕੁਰਬਾਨ ਹੋਣ ਵਾਸਤੇ ਆਪਣਾ ਵਿਚਾਰ ਦਰਸਾਉਂਦੇ ਹਨ ਤੇ ਪ੍ਰਭੂ ਦੀ ਕਰਨੀ ਨੂੰ ਹਮੇਸ਼ਾ ਸਿਰ ਮੱਥੇ ਸਵੀਕਾਰ ਕਰਦੇ ਹਨ।

*ਸਚ ਖੰਡਿ ਵਸੈ ਨਿਰੰਕਾਰੁ।*
*ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥*
*ਜੇ ਕੋ ਕਥੈ ਤ ਅੰਤ ਨ ਅੰਤ॥...*
*ਵੇਖੈ ਵਿਗਸੈ ਕਰਿ ਵੀਚਾਰੁ।*
*ਨਾਨਕ ਕਥਨਾ ਕਰੜਾ ਸਾਰੁ॥*

ਪ੍ਰਭੂ ਦੀ ਅਪਾਰ ਕਿਰਪਾ ਦੁਆਰਾ ਪ੍ਰਾਣੀ ਦੀ ਮਿਹਨਤ ਤੇ ਭਰੋਸਾ ਜਦੋਂ ਫਲ ਲਿਆਉਂਦਾ ਹੈ ਤਾਂ ਉਹ ਪ੍ਰਭੂ ਦੇ ਦੇਸ਼ ਸਚਖੰਡ ਦਾ ਨਜ਼ਾਰਾ ਦੇਖਦਾ ਹੈ। ਅਨੁਭਵ ਕਰਦਾ ਜਿਥੇ ਅਨੇਕ ਸੰਤ ਮਹਾਤਮਾ, ਖੰਡ ਬ੍ਰਹਮੰਡ ਉਸ ਦੀਆਂ ਸਿਫਤਾਂ ਦੇ ਗੀਤ ਗਾਉਂਦੇ ਹਨ। ਉਥੇ ਪ੍ਰਭੂ ਆਪ ਮਿਹਰ ਦ੍ਰਿਸ਼ਟੀ ਦੀ ਵਰਖਾ ਕਰਦੇ ਹਨ ਤੇ ਖੁਸ਼ ਹੁੰਦੇ ਹਨ। ਗੁਰੂ ਜੀ ਦਾ ਫੁਰਮਾਨ ਹੈ ਕਿ ਉਥੋਂ ਦੇ ਨਜ਼ਾਰੇ ਨੂੰ ਬਿਆਨ ਕਰਨਾ ਲੋਹੇ ਵਾਂਗੂ ਸਖਤ/ਕਠਿਨ ਹੈ ਉਥੋਂ ਦੇ ਖੰਡਾਂ ਬ੍ਰਹਮੰਡਾਂ ਨੂੰ ਗਿਣਨਾ ਵੀ ਅਸੰਭਵ ਹੈ।

4. ਪ੍ਰਮ ਸ਼ਕਤੀ ਦੀ ਵਿਰਾਸਤ

ਨਾਮ, ਹੁਕਮ/ਰਜ਼ਾ, ਸਚਿਆਈ, ਮੁਕਤੀ, ਦੁਖ, ਭੁਖ, ਹਉਮੈ, ਨਦਰਿ ਆਦਿ।

5. ਗੁਰੂ ਸਾਹਿਬ ਦੀ ਸਿੱਖਿਆ:

*ਸਹਿਸ ਸਿਆਣਪਾ ਲਖ ਹੋਹਿ,*
*ਤ ਇਕ ਨ ਚਲੈ ਨਾਲਿ॥*
*ਕਿਵ ਸਚਿਆਰਾ ਹੋਈਐ,*
*ਕਿ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥*
*ਜੋ ਤੁਧੁ ਭਾਵੈ ਸਾਈ ਭਲੀਕਾਰ।*
*ਤੂ ਸਦਾ ਸਲਾਮਤਿ ਨਿਰੰਕਾਰ॥*
*ਜੋ ਤਿਸੁ ਭਾਵੈ ਸੋਈ ਕਰਸੀ*
*ਹੁਕਮੁ ਨ ਕਰਣਾ ਜਾਈ॥*
*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ*
*ਨਾਨਕ ਰਹਣੁ ਰਜਾਈ॥*

ਜੇ ਪ੍ਰਾਣੀ ਕੋਲ ਬੇਅੰਤ ਸਿਆਣਪਾਂ ਵੀ ਹੋਣ, ਸਚਿਆਰ ਬਣਨ ਲਈ ਇਕ ਵੀ ਸਿਆਣਪ ਨਹੀਂ ਚਲਦੀ।

ਸਗੋਂ ਪ੍ਰਮ ਸ਼ਕਤੀ ਦੇ ਹੁਕਮ ਵਿਚ ਜਾਂ ਉਸ ਦੀ ਰਜ਼ਾ ਵਿਚ ਰਹਿੰਦਿਆਂ ਹੀ ਕੂੜ ਦੀ ਕੰਧ ਟੁੱਟ ਸਕਦੀ ਹੈ ਤੇ ਸਚਿਆਰ ਬਣ ਸਕੀਦਾ ਹੈ। ਇਸ ਤਰਾਂ ਦੀ ਰਹਿਣੀ ਵੀ ਧੁਰੋਂ ਹੀ ਮਸਤੱਕ ਤੇ ਲਿਖੀ ਆਉਂਦੀ ਹੈ।

*ਹੁਕਮੈ ਅੰਦਰ ਸਭੁ ਕੋ ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥*

ਮਾਤ ਲੋਕ ਵਿਚ ਸਾਰੇ ਪ੍ਰਾਣੀ ਉਸ ਪ੍ਰਮ ਸ਼ਕਤੀ ਦੇ ਹੁਕਮ 'ਚ ਵਿਚਰਦੇ ਹਨ। ਜੇ ਉਹ ਪ੍ਰਾਣੀ ਉਸ ਦੇ ਹੁਕਮ ਨੂੰ ਜਾਣ ਲਵੇ ਜਾਂ ਬੁਝ ਲਵੇ ਤਾਂ ਉਸ ਵਿਚ ਹਉਮੈ ਦੀ ਬੀਮਾਰੀ ਨਹੀਂ ਰਹਿੰਦੀ।

*ਮੁਹ ਕਿ ਬੋਲਣੁ ਬੋਲੀਐ ਜਿਤ ਸੁਣ ਧਰੇ ਪਿਆਰੁ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*

ਮੂੰਹ ਚੋਂ ਕਿਹੜੇ ਬੋਲ ਬੋਲੇ ਜਾਣ ਜਿਨ੍ਹਾਂ ਕਰਕੇ ਉਹ ਪ੍ਰਭੂ ਪਿਆਰ ਕਰੇ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਅੰਮ੍ਰਿਤ ਵੇਲੇ (ਇਕ ਪਹਿਰ ਰਹਿੰਦੀ ਰਾਤ) ਉਸ ਦੀਆਂ ਵਡਿਆਈਆਂ/ਅਗੰਮਤਾ ਦੀ ਵੀਚਾਰ ਕਰਨ ਨਾਲ ਆਪਸੀ ਪਿਆਰ ਪੈ ਸਕਦਾ ਹੈ।

*ਜਿਨਿ ਸੇਵਿਆ ਤਿਨਿ ਪਾਇਆ ਮਾਨੁ।*
*ਨਾਨਕ ਗਾਵੀਐ ਗੁਣੀ ਨਿਧਾਨੁ॥*

ਜਿਸ ਜੀਵ ਨੇ ਉਸ ਪ੍ਰਭੂ ਨੂੰ ਸੁਆਸ ਸੁਆਸ ਸਿਮਰਿਆ ਹੈ ਉਸ ਨੂੰ ਲੋਕ ਪ੍ਰਲੋਕ ਚ ਸਤਿਕਾਰ ਮਿਲਦਾ ਹੈ। ਗੁਰੂ ਸਾਹਿਬ ਆਪ ਵੀ ਉਸ ਪ੍ਰਭੂ ਜੋ ਗੁਣਾਂ ਦਾ ਖਜਾਨਾ ਹੈ ਨੂੰ ਗਾ ਕੇ ਸਿਮਰਦੇ ਹਨ।

*ਗਾਵੀਐ ਸੁਣੀਐ ਮਨਿ ਰਖੀਐ ਭਾਉ।*
*ਦੁਖ ਪਰਹਰਿ ਸੁਖੁ ਘਰਿ ਲੈ ਜਾਇ॥*

ਦੁਖਾਂ ਨੂੰ ਦੂਰ ਕਰਨ ਤੇ ਸੁਖਾਂ ਨੂੰ ਆਪਣੇ ਤੇ ਆਪਣੇ ਪਰਿਵਾਰ ਵਿਚ ਭੋਗਣ ਦਾ ਇਕ ਹੀ ਰਸਤਾ ਉਸ ਪ੍ਰਮ ਸ਼ਕਤੀ ਦੇ ਗੁਣਾਂ ਨੂੰ ਸੁਣਨ, ਗਾਉਣ ਅਤੇ ਉਸ ਨਾਲ ਮਨੋਂ ਪ੍ਰੇਮ ਕਰਨ ਦਾ ਹੈ।

*ਗੁਰਾ ਇਕ ਦੇਹਿ ਬੁਝਾਈ।*
*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨਾ ਜਾਈ॥*

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਮੇਰੇ ਗੁਰੂ ਨੇ ਮੇਰੀ ਸਮਝ ਚ ਇਕ ਸਿੱਖਿਆ ਪਾ ਦਿੱਤੀ ਹੈ ਕਿ ਸਾਰੇ ਸੰਸਾਰ ਵਿਚ ਜੀਵ ਜੰਤੂਆਂ ਦਾ ਇਕੋ ਹੀ ਦਾਤਾ ਹੈ। ਉਹ ਮੇਰੇ ਹਿਰਦੇ ਚੋਂ ਨ ਵਿਸਰੇ, ਅੱਠੇ ਪਹਿਰ ਮੈਂ ਉਸ ਦਾ ਸਿਮਰਨ ਕਰਦਾ ਰਹਾਂ।

*ਭਰੀਐ ਮਤਿ ਪਾਪਾ ਕੈ ਸੰਗਿ।*
*ਓਹ ਧੋਪੈ ਨਾਵੈ ਕੈ ਰੰਗਿ॥*

ਪ੍ਰਾਣੀ ਦੀ ਮਤਿ (ਅਕਲ) ਜੇ ਪਾਪਾਂ ਨਾਲ ਲਿਬੜ ਜਾਵੇ ਤਾਂ ਉਸ ਨੂੰ ਸਾਫ ਕਰਨ ਦਾ ਇਕੋ ਹੀ ਤਰੀਕਾ ਹੈ ਕਿ ਉਸ ਪ੍ਰਮ ਸ਼ਕਤੀ ਦੇ ਪ੍ਰੇਮ ਰੰਗ (ਨਾਮ) ਵਿਚ ਅੰਤਰ ਆਤਮੇ ਭਿੱਜ ਜਾਵੇ।

*ਆਪੇ ਬੀਜਿ ਆਪੇ ਹੀ ਖਾਹੁ।*
*ਨਾਨਕ ਹੁਕਮੀ ਆਵਹੁ ਜਾਹੁ॥*

ਪ੍ਰਾਣੀ ਨੂੰ ਆਪਣੇ ਚੰਗੇ ਮੰਦੇ ਕਰਮ ਕਰਕੇ ਉਸ ਦਾ ਫਲ ਵੀ ਆਪ ਹੀ ਭੋਗਣਾ ਪੈਂਦਾ ਹੈ। ਪ੍ਰਮ ਸ਼ਕਤੀ ਦੇ ਹੁਕਮ ਅਧੀਨ ਹੀ ਇਸ ਮਾਤ ਲੋਕ ਵਿਚ ਆਉਣਾ ਜਾਣਾ ਪੈਂਦਾ ਹੈ।

*ਤੀਰਥੁ ਤਪੁ ਦਇਆ ਦਤੁ ਦਾਨੁ।*
*ਜੇ ਕੋ ਪਾਵੈ ਤਿਲ ਕਾ ਮਾਨੁ॥*
*ਸੁਣਿਆ ਮੰਨਿਆ ਮਨਿ ਕੀਤਾ ਭਾਉ।*
*ਅੰਤਰ ਗਤਿ ਤੀਰਥਿ ਮਲਿ ਨਾਉ॥*

ਤੀਰਥ ਇਸ਼ਨਾਨ, ਤਪ ਸਾਧਨਾ, ਜੀਵਾਂ ਤੇ ਤਰਸ ਅਤੇ ਦਾਨ ਦੇਣ ਦਾ ਫਲ ਥੋੜਾ ਜਿਹਾ ਮਾਤ ਲੋਕ ਵਿਚ ਆਦਰ ਮਾਣ ਦਾ ਹੈ। ਜੇ ਕੋਈ ਪ੍ਰਭੂ ਨਾਮ ਨੂੰ ਸੁਣੇ, ਮੰਨੇ ਅਤੇ ਪਿਆਰ ਕਰੇ ਤਾਂ ਉਸ ਦਾ ਅੰਤਰ ਆਤਮੇ 68 ਤੀਰਥੀ (ਮਲ ਮਲ ਕੇ ਇਸ਼ਨਾਨ) ਹੋ ਜਾਂਦਾ ਹੈ।

*ਜਤੁ ਪਹਾਰਾ ਧੀਰਜੁ ਸੁਨਿਆਰੁ।*
*ਅਹਰਣਿ ਮਤ ਵੇਦੁ ਹਥੀਆਰੁ॥...*
*ਨਾਨਕ ਨਦਰੀ ਨਦਰਿ ਨਿਹਾਲ॥*

ਜਤ (ਸੁੱਚੇ ਆਚਰਣ) ਸਹਿਣਸ਼ੀਲਤਾ ਵਾਲਾ ਸੁਭਾਅ ਸਵੱਛ ਮਤਿ, ਗੁਰੂ ਗਿਆਨ, ਰੱਬੀ ਡਰ, ਕਰੜੀ ਤਪੱਸਿਆ ਪ੍ਰਭੂ ਪ੍ਰੇਮ ਦੇ ਮਿਸ਼ਰਨ ਵਾਲੀ ਜ਼ਿੰਦਗੀ ਅਪਨਾ ਕੇ ਸ਼ਬਦ ਦੀ ਸੁੱਚੀ ਟਕਸਾਲ ਘੜੀ ਜਾ ਸਕਦੀ ਹੈ ਤੇ ਉਸ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਦੀ ਨਜ਼ਰ ਨਾਲ ਨਿਹਾਲ ਹੋ ਜਾਈਦਾ ਹੈ।

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*

ਜਿਨਾਂ ਜੀਵਾਂ ਨੇ ਆਪਣੀ ਜ਼ਿੰਦਗੀ ਉਪਰ ਲਿਖੇ ਅਨੁਸਾਰ ਢਾਲ ਲਈ ਹੈ ਅਤੇ ਸਹੀ ਘਾਲਣਾ ਘਾਲੀ ਹੈ, ਨਾਮ ਸਿਮਰਨ ਅੰਤਰ-ਆਤਮੇ ਕੀਤਾ ਹੈ। ਉਹਨਾਂ ਦੇ ਪ੍ਰਭੂ ਦੀ ਦਰਗਾਹ ਚ ਮੁਖ ਉਜਲੇ (ਸੁਰਖਰੂ) ਹੁੰਦੇ ਹਨ ਤੇ ਉਹ ਜਨਮ ਮਰਨ ਤੋਂ ਛੁਟਕਾਰਾ ਪਾ ਲੈਂਦੇ ਹਨ।

ਉਪਰੋਕਤ ਤੋਂ ਇਹੀ ਸਮਝ ਆਉਂਦੀ ਹੈ ਕਿ ਜਪੁਜੀ ਸਾਹਿਬ ਬਾਣੀ ਜੋ ਪ੍ਰਮ ਸ਼ਕਤੀ (ੴ) ਕੁਦਰਤ ਕੇ ਗੁਣਾਂ

ਦੀ ਭਰਪੂਰ ਕਾਵਿ ਹੈ ਨੂੰ ਸਹੀ ਅਰਥਾਂ ਚ ਤਾਂਹੀ ਗ੍ਰਹਿਣ ਕੀਤਾ ਜਾ ਸਕਦਾ ਹੈ ਜੇ ਪ੍ਰਾਣੀ ਆਪਣੀ ਜ਼ਿੰਦਗੀ ਜੱਤ (ਬ੍ਰਹਮ ਚਾਰਯ), ਧੀਰਜ (ਸੰਤੋਖ), ਉਚੀ ਸੁੱਚੀ ਮਤਿ, ਬ੍ਰਹਮ ਗਿਆਨ, ਪ੍ਰਭੂ ਡਰ, ਕਰੜੀ ਤਪੱਸਿਆ, ਪ੍ਰਭੂ ਪਿਆਰ/ਭਰੋਸਾ ਦੇ ਮਿਸ਼ਰਨ ਵਿਚ ਢਾਲੇ। ਅੰਮ੍ਰਿਤ ਵੇਲੇ ਪ੍ਰਭੂ ਦਾ ਅੰਤਰ-ਆਤਮੇ ਗੁਣ ਗਾਵੇ ਤਾਂ ਫਿਰ ਨਿਰਭੈਤਾ ਅਤੇ ਨਿਰਵੈਰਤਾ ਦੇ ਗੁਣਾਂ ਦਾ ਧਾਰਨੀ ਬਣ ਸਕਦਾ ਹੈ ਜੋ ਮੀਰੀ ਪੀਰੀ/ਸੰਤ ਸਿਪਾਹੀ ਦੇ ਚਿੰਨ੍ਹ ਹਨ ਅਤੇ ਅਸਲੀ ਇਨਸਾਨ ਦੀ ਖਸੱਲਤ ਹੈ। ਇਸ ਤਰਾਂ ਪ੍ਰਭੂ ਨਾਲ ਇੱਕ ਮਿੱਕ ਹੋਣ ਲਈ ਪੌੜੀਆਂ ( ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚੁ ਖੰਡ) ਨੂੰ ਸਰ ਕਰ, ਨਦਰੀ ਨਦਰਿ ਨਿਹਾਲ ਹੋ, ਮੁਕਤੀ ਹਾਸਲ ਕੀਤੀ ਜਾ ਸਕਦੀ ਹੈ।

# ਸਿੰਘ ਅਤੇ ਕੌਰ

ਡਾ. ਜਸਬੀਰ ਸਿੰਘ ਸਰਨਾ : ਨੇੜੇ ਸੁਪਰ ਬਜ਼ਾਰ, ਬਾਰਮੂਲਾ-193 101 (ਕਸ਼ਮੀਰ)

ਇਤਿਹਾਸਕ ਨੁਕਤੇ ਨਿਗਾਹ ਤੋਂ 'ਸਿੰਘ' ਪਦਵੀ ਦਾ ਧਾਰਮਿਕ ਆਦੇਸ਼ ਗੁਰੂ ਗੋਬਿੰਦ ਸਿੰਘ ਸਾਹਿਬ ਨੇ 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਸਮੇਂ ਜਾਰੀ ਕੀਤਾ। ਜਦੋਂ ਗੁਰੂ ਸਾਹਿਬ ਨੇ 'ਖੰਡੇ ਦੀ ਪਾਹੁਲ' ਦਾ ਅਦੁੱਤੀ ਕ੍ਰਿਸ਼ਮਾ ਪ੍ਰਗਟ ਕੀਤਾ। ਉਸ ਮੁਤੱਬਰਕ ਦਿਨ ਸੰਗਤ ਵਿਚੋਂ ਉੱਠ ਕੇ ਪੰਜਾਂ ਸਿੰਘਾਂ ਨੇ ਆਪਣੇ ਸੀਸ ਭੇਟ ਕੀਤੇ ਅਤੇ ਖਾਲਸੇ ਦੇ ਪ੍ਰਸ਼ਾਸਕੀ ਸੰਕਲਪ ਤੇ ਪੂਰੇ ਉੱਤਰੇ। ਇਨ੍ਹਾਂ ਨੇ ਪੰਜ ਕਕਾਰ ਧਾਰਨ ਕੀਤੇ ਸਮੇਤ ਕੇਸਾਂ ਦੇ ਅਤੇ ਆਪਣੇ ਨਾਵਾਂ ਨਾਲ 'ਸਿੰਘ' ਲਗਾ ਕੇ ਜ਼ਾਤਰਹਿਤ ਕੌਮ 'ਖਾਲਸਾ' ਵਿਚ ਸ਼ਾਮਲ ਹੋ ਗਏ। ਖੰਡੇ ਦੀ ਪਾਹੁਲ ਲੈਣ ਤੋਂ ਬਾਅਦ ਦਇਆ ਰਾਮ, ਭਾਈ ਦਇਆ ਸਿੰਘ ਹੋ ਗਿਆ। ਇਸੇ ਤਰ੍ਹਾਂ ਧਰਮ ਦਾਸ, ਮਹੋਕਮ ਚੰਦ, ਹਿੰਮਤ ਰਾਇ ਅਤੇ ਸਾਹਿਬ ਚੰਦ ਕਰਮਵਾਰ ਭਾਈ ਧਰਮ ਸਿੰਘ, ਭਾਈ ਮਹੋਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਦੀਆਂ ਪਦਵੀਆਂ ਨਾਲ ਸਰਸ਼ਾਰ ਹੋਏ। (ਗੁਰੂ) ਗੋਬਿੰਦ ਰਾਇ ਜੀ ਵੀ 'ਖੰਡੇ ਦੀ ਪਾਹੁਲ' ਇਨ੍ਹਾਂ ਪੰਜਾਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਹੋ ਗਏ।

ਉਸ ਸਮੇਂ ਤੋਂ ਬਾਅਦ ਹਰ ਸਿੱਖ ਆਪਣੇ ਨਾਂ ਨਾਲ 'ਸਿੰਘ' ਲਿਖਦਾ ਹੈ। ਇਹ ਪਦਵੀ ਸਿੱਖਾਂ ਵਿਚ ਕੌਮੀ ਜਜ਼ਬੇ ਅਤੇ ਸ਼ਕਤੀ ਦੀ ਪ੍ਰਤੀਕ ਹੈ। ਪੰਜ ਕਕਾਰਾਂ ਦੀ ਰਹਿਤ ਧਾਰਨ ਕਰਕੇ, ਸੰਤ-ਸਿਪਾਹੀ ਬਣਕੇ ਖੁੱਲੇ ਦਰਸ਼ਨੀ ਦਾੜ੍ਹੇ ਦਾ ਦੀਦਾਰ ਅਤੇ ਸਿਰ ਤੇ ਸੁਜੀਲਾ ਦਸਤਾਰਾ 'ਸਿੰਘ' ਦੀ ਰਹਿਤ-ਬਹਿਤ ਦਾ ਸੰਕੇਤ ਦੇਂਦਾ ਹੈ। ਇਹੋ ਕਾਰਨ ਹੈ ਕਿ ਸਿੰਘ ਦੁਸ਼ਮਣ ਦੀਆਂ ਸਫਾਂ ਵਿਚ ਵੀ 'ਹਿੰਮਤ ਅਤੇ ਬਹਾਦਰੀ' ਦੀਆਂ ਸਿਫਤਾਂ ਨਾਲ ਲਬਰੇਜ਼ ਹੋ ਨਿਬੜੇ। ਕਾਜ਼ੀ ਨੂਰ ਮੁਹੰਮਦ ਜੋ ਅਹਿਮਦ ਸ਼ਾਹ ਦੁਰਾਨੀ ਦੇ ਹਿੰਦੁਸਤਾਨ ਤੇ ਸਤਵੇਂ ਹਮਲੇ ਵਿਚ ਸ਼ਾਮਲ ਸੀ, ਸਿੱਖਾਂ ਪ੍ਰਤੀ ਬੜੀ ਉਜੱਡ ਅਤੇ ਬਦ ਅਸੀਸ ਦੇਣ ਵਾਲੀ ਜ਼ੁਬਾਨ ਵਰਤਦਾ ਹੈ ਪਰ ਉੱਥੇ 'ਸਿੰਘਾਂ' ਦੀਆਂ ਸਿਫਤਾਂ ਕਰਦਾ ਵੀ ਨਹੀਂ ਥੱਕਦਾ। ਕਾਜ਼ੀ ਨੂਰ ਮੁਹੰਮਦ ਨੇ ਫਾਰਸੀ ਕਵਿਤਾ ਵਿਚ ਸਾਰਾ ਇਤਿਹਾਸ ਲਿਖਿਆ ਹੈ ਜਿਸ ਵਿਚ ਬਾਰ ਬਾਰ 'ਸਿੰਘ' ਸ਼ਬਦ ਦੀ ਵਰਤੋਂ ਕਰਦਾ ਹੈ।

'ਸਿੰਘ' ਸ਼ਬਦ ਦੀ ਪ੍ਰੀਭਾਸ਼ਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ "ਖੰਡੇ ਦਾ ਅੰਮ੍ਰਿਤਧਾਰੀ ਗੁਰੂ ਨਾਨਕ ਪੰਥੀ ਖਾਲਸਾ" (ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990, ਸਫਾ: 193) ਦੀ ਇਨਸਾਈਕਲੋਪੀਡੀਆ ਆਫ. ਸਿੱਖਇਜ਼ਮ ਅਨੁਸਾਰ। Singh: from sanskrit Sinha for lion is an essential Component of the name for a Sikh male. Every Sikh male name must end with 'Singh'. (Vol.4, Patiala, 1998)

ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ ਵਿਚ 'ਸਿੰਘ' ਦੀ ਪ੍ਰੀਭਾਸ਼ਾ ਨੂੰ ਥੋੜਾ ਵਿਸਥਾਰ ਨਾਲ ਬਿਆਨ ਕਰਦੇ ਹਨ "SINGH. Literrlly: Lion. Singh is an inseparable part of the names of all the male Sikhs. A Sikh must use Singh as his second (last) name. Any male whose name does not include the word Singh cannot claim himself to be a Sikh. Singh is not a suffix it is an integral part of the name of a male Sikh. Adoption of the name Singh also symbolises Sikh national cohesion."

(The Sikh Reference book, Canda, 1997, p. 64)

'ਸਿੱਖ' ਇਕ ਰੂਹਾਨੀ ਪੱਦਵੀ ਦਾ ਲਕਸ਼ ਹੈ ਜਦਕਿ 'ਸਿੰਘ' ਸਮਾਜਕ ਸਿਆਸੀ ਮੱਧਕਾਲ ਦਾ ਗੂੜ੍ਹਾ ਹਾਸਲ ਹੈ। ਦਸਤੂਰ ਮੁਤਾਬਿਕ ਸਾਰੇ 'ਸਿੰਘ' ਸਿਖ ਹੀ ਹਨ ਅਤੇ ਸਾਰੇ ਸਿੱਖਾਂ ਨੂੰ 'ਸਿੰਘ' ਵੀ ਆਖਿਆ ਜਾਂਦਾ ਹੈ। ਭਾਵਾਤਮਕ ਦ੍ਰਿਸ਼ਟੀਕੋਣ ਤੋਂ ਉਹ ਕੌਮ ਦੇ ਸਮੂਹ ਦੀ ਨੇੜਤਾ ਦੇ ਮੁਦੱਈ ਹਨ ਅਤੇ ਸਮਾਜਿਕ ਅਤੇ ਸਿਆਸੀ ਪੱਖੋਂ ਗਤੀਸ਼ੀਲ ਦੀ ਪੈੜ ਸਿਰਜਦੇ ਹਨ। ਉਨ੍ਹਾਂ ਦਾ ਰੁਤਬਾ ਖਾਸ ਕਾਨੂੰਨੀ ਤੌਰ ਤੇ ਵੀ ਸਵੀਕਾਰ ਕੀਤਾ ਗਿਆ ਹੈ। ਸਿੱਖ ਗੁਰਦੁਆਰਾ ਐਕਟ 1925 ਅਤੇ ਦਿੱਲੀ ਸਿੱਖ ਗੁਰਦੁਆਰਾ ਐਕਟ

1971 ਹੇਠ ਸਾਰੇ ਬਾਲਗ ਸਿੱਖਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾਂ ਵਿਚ ਵੋਟਰ ਸੂਚੀ ਵਿਚ ਸ਼ਾਮਿਲ ਕੀਤੇ ਜਾਂਦੇ ਹਨ ਪਰ ਕੇਵਲ ਅੰਮ੍ਰਿਤਧਾਰੀ ਸਿੱਖ, ਸਿੰਘ ਹੀ ਇਨ੍ਹਾਂ ਕਮੇਟੀਆਂ ਲਈ ਯੋਗਤਾ ਪ੍ਰਾਪਤ ਹੋ ਸਕਦੇ ਹਨ। ਸ਼੍ਰੋ. ਗੁ. ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਛਾਪੀ ਗਈ 'ਸਿੱਖ ਰਹਿਤ ਮਰਯਾਦਾ' ਅਨੁਸਾਰ 'ਸ਼ਖਸੀ ਰਹਿਣੀ' ਅਤੇ 'ਪੰਥਕ ਰਹਿਣੀ' ਦਿੱਤੀ ਗਈ ਹੈ। 'ਸ਼ਖਸੀ ਰਹਿਣੀ' ਸਾਰੇ ਸਿੱਖਾਂ ਲਈ ਲਾਗੂ ਹੈ ਜਦਕਿ 'ਸਿੰਘਾਂ' ਲਈ 'ਪੰਥਕ ਰਹਿਣੀ' ਵਾਧੂ ਮਾਰਗ ਦਰਸ਼ਨ ਹੋਣੀ ਜ਼ਰੂਰੀ ਕਰਾਰ ਦਿੱਤੀ ਗਈ ਹੈ। ਬਹੁਤ ਸਾਰੇ ਸਿੱਖ ਕਿਸੇ ਗੂੜ੍ਹੀ ਸਾਜਿਸ਼ ਤਹਿਤ ਆਪਣੇ ਨਾਵਾਂ ਨਾਲ 'ਸਿੰਘ' ਸ਼ਬਦ ਲਿਖਦੇ ਨਹੀਂ। ਉਹ ਇਹ ਗੱਲ ਭੁਲ ਜਾਂਦੇ ਹਨ ਕਿ ਉਹ ਆਪਣੀਆਂ ਸ਼ਾਨਦਾਰ ਵਿਰਸੇ ਦੀਆਂ ਜੜ੍ਹਾਂ ਆਪ ਹੀ ਕੱਟ ਰਹੇ ਹਨ ਅਤੇ ਸਿੱਖ ਦੁਸ਼ਮਣਾਂ ਦੀਆਂ ਚਾਲ੍ਹਾਂ ਵਿਚ ਗਲਤਾਨ ਹੋ ਕੇ ਭੇਡ ਚਾਲ ਵੱਲ ਵੱਧ ਰਹੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿਥੇ ਸਿੱਖ ਨੂੰ 'ਸਿੰਘ' ਦੀ ਪਦਵੀ ਦਿੱਤੀ ਉਥੇ ਸਿੱਖਣੀ ਨੂੰ 'ਕੌਰ' ਦੀ ਉਪਾਧੀ ਬਖਸ਼ੀ। 'ਕੌਰ' ਦੀ ਪ੍ਰੀਭਾਸ਼ਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ। ਉਸ ਸਿੰਘਣੀ ਦੀ ਉਪਾਧੀ, ਜਿਸਨੇ ਖੰਡੇ ਦਾ ਅੰਮ੍ਰਿਤ ਛਕਿਆ ਹੈ, ਜੈਸੇ ਪੁਰਖ ਦੇ ਨਾਉਂ ਨਾਲ ਸਿੰਘ ਸ਼ਬਦ ਜੋੜਿਆ ਜਾਂਦਾ ਹੈ ਤੈਸੇ ਸਿੰਘਣੀ ਦਾ ਨਾਉਂ ਨਾਲ ਕੌਰ ਸ਼ਬਦ ਲਾਈਦਾ ਹੈ, ਅਸਲ ਵਿਚ ਇਹ ਸ਼ਬਦ 'ਕੁਵਰਿ' (ਕੌਰ) ਹੈ।" (ਗੁਰਸ਼ਬਦ ਰਤਨਾਕਰ ਮਹਾਨਕੋਸ਼, ਉਹੀ, ਸਫਾ 353) ਦੀ ਇਨਸਾਈਕਲੋਪੀਡੀਆ ਆਫ. ਸਿੱਖਇਜ਼ਮ ਵਿਚ ਇਸ ਸ਼ਬਦ ਇੰਝ ਪ੍ਰੀਭਾਸ਼ਤ ਕੀਤਾ ਗਿਆ ਹੈ "KAUR":- from sanskrit Kumar or Kumari meaning a princess, young girl or Virgin, is a suffix which by tradition and stipulated code of conduct is added to the names of all Sikh females, so that like their male counter part, Singhs, They all have a common surname.

(Vol: 2, Patiala, 1996, p: 461)

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਿੰਘਣੀਆਂ ਨੇ ਸਿੰਘਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਭਾਰੀ ਦੁਸ਼ਮਣ ਫੌਜ਼ਾਂ ਉੱਤੇ ਫ਼ਤਹਿਯਾਬੀਆਂ ਪਾਈਆਂ ਅਤੇ ਆਪਣਾ ਨਾਂ ਤਵਾਰੀਖ ਵਿਚ ਅਮਰ ਕਰ ਗਈਆਂ। ਸਿੱਖ ਧਰਮ ਵਿਚ 'ਸਿੰਘ' ਅਤੇ 'ਕੌਰ' ਦਾ ਇਕੋ ਸਨਮਾਨ ਅਤੇ ਪਦਵੀ ਹੈ। 'ਕੌਰ' ਪੰਜ ਪਿਆਰਿਆਂ ਵਿਚ ਵੀ ਸ਼ਾਮਲ ਹੋ ਸਕਦੀ ਹੈ। ਦਰਬਾਰ ਸਾਹਿਬ ਵਿਚ 'ਕੀਰਤਨ ਅਤੇ ਸੇਵਾ' ਵੀ ਕਰ ਸਕਦੀ ਹੈ। ਇਹ ਅਧਿਕਾਰ ਉਸ ਨੂੰ 'ਗੁਰੂ ਖਾਲਸਾ ਪੰਥ' ਵਲੋਂ ਦਿੱਤਾ ਗਿਆ ਹੈ।

'ਕੌਰ' ਬਾਰੇ ਹੋਰ ਤਫਸੀਲ ਦੇਂਦੇ ਹੋਏ ਡਾ. ਦਿਲਗੀਰ ਲਿਖਦੇ ਹਨ। Kaur:- Literally means princess. A Sikh girl is supposed to be as brave and responsible as a male prince. This siymbolises equality of Women and men in Sikhism. It also represents Sikh National Cohesion.

(The Sikh Reference Book, op. cd, p:54)

ਅਜੋਕੇ ਸਮੇਂ ਜਦੋਂ ਸੰਸਾਰ ਦੇ ਕਈ ਖਿਤਿਆਂ ਵਿਚ ਸਿੱਖਾਂ ਤੇ ਹਨੇਰੀਆਂ ਅਤੇ ਝੱਖੜ ਝੁਲ ਰਹੇ ਸਨ, ਸਾਰੇ ਸਿੱਖਾਂ ਨੂੰ ਆਪਣੇ ਨਾਵਾਂ ਨਾਲ 'ਸਿੰਘ' ਅਤੇ 'ਕੌਰ' ਲਿਖਣੇ ਚਾਹੀਦੇ ਹਨ ਅਤੇ ਸਾਬਤ ਸੂਰਤ ਰਹਿ ਕੇ ਕੌਮੀ ਸੰਯੁਕਤ ਹੋਣ ਦੀ ਪਰਵਿਰਤੀ ਦਾ ਮੁਜ਼ਾਹਰਾ ਕਰਨਾ ਚਾਹੀਦਾ ਹੈ। ਇਸੇ ਵਿਚ ਸਿੱਖ ਕੌਮ ਦਾ ਅਤੇ ਸਿੱਖਾਂ ਦਾ ਭਲਾ ਹੈ।

*ਪੰਥ ਕੀ ਰਹੇਗੀ ਤੌ ਗ੍ਰੰਥ ਕੀ ਰਹੇਗੀ ਨਾਥ*
*ਮਾਨੋ ਜੋ ਨਾ ਪੰਥ ਕੋ ਤੋ ਗ੍ਰੰਥ ਕੌਨ ਮਾਨੋਗੇ॥*

# ਸਾਡੇ ਕੀਰਤਨੀਏ

## ਭਾਈ ਚਰਨਜੀਤ ਸਿੰਘ ਖਾਲਸਾ : ਰਾਗੀ ਜੱਥਾ ਮਾਰਫਤ ਸੰਗਮ ਰੇਡੀਓ ਐਂਡ ਟੀਵੀ ਕਾਲਜ, ਮਲੋਟ

### ਭਾਈ ਬਲਦੇਵ ਸਿੰਘ ਜੀ ਕੋਮਲ

ਗੁਰਬਾਣੀ ਦਾ ਫੁਰਮਾਨ ਹੈ 'ਜੈਸੋ ਗੁਰ ਉਪਦੇਸਿਆ ਮੈ ਤੈਸੋ ਕਹਿਆ ਪੁਕਾਰ' ਦੇ ਮੁਤਾਬਕ ਕੀਰਤਨ ਕਰਨ ਵਾਲੇ ਭਾਈ ਬਲਦੇਵ ਸਿੰਘ ਜੀ ਕੋਮਲ ਸੁਰਗਵਾਸੀ ਗਿਆਨੀ ਕਿਰਪਾਲ ਸਿੰਘ ਜੀ ਦੇ ਸਪੁੱਤਰ ਹਨ ਜੋ ਕਿ ਸਰਸਾ ਹਰਿਆਣਾ ਦੇ ਜੰਮਪਲ ਹਨ। ਭਾਈ ਬਲਦੇਵ ਸਿੰਘ ਜੀ ਕੋਮਲ ਨੇ ਭਾਈ ਪ੍ਰਮਜੀਤ ਸਿੰਘ ਰਾਗੀ ਸਰਦੂਲ ਗੜ ਵਾਲਿਆਂ ਤੋਂ ਬਕਾਇਦਾ ਤਬਲਾ ਸਿੱਖਿਆ ਅਤੇ ਗੁਰਬਾਣੀ ਦੀ ਸਿੱਖਿਆ ਆਪਣੇ ਪਿਤਾ ਜੀ ਤੋਂ ਪ੍ਰਾਪਤ ਕੀਤੀ। ਮਲੋਟ ਦੇ ਮਸ਼ਹੂਰ ਉਸਤਾਦ ਰਾਗੀ ਪ੍ਰੋਫੈਸਰ ਮੰਗਤ ਸਿੰਘ ਮਸਤਾਨਾ ਤੋਂ ਹਾਰਮੋਨੀਅਮ (ਸ਼ਬਦ ਕੀਰਤਨ) ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਗੁਰਦੁਆਰਾ ਵਿਸ਼ਵ ਕਰਮਾ ਭਵਨ ਮਲੋਟ ਅਤੇ ਗੁਰਦੁਆਰਾ ਗੁਰੂ ਨਾਨਕ ਨਗਰੀ ਮਲੋਟ ਵਿਖੇ ਹੈਡ ਰਾਗੀ ਦੀ ਡਿਊਟੀ ਕੀਤੀ। ਅੱਜਕੱਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਲੋਟ ਵਿਖੇ ਹੈਡ ਰਾਗੀ ਦੀ ਡਿਊਟੀ ਕਰ ਰਹੇ ਹਨ। ਭਾਈ ਸਾਹਿਬ ਕੀਰਤਨ ਜ਼ਿਆਦਾਤਰ ਗੀਤਾਂ ਵਿਚ ਕਰਦੇ ਹਨ ਅਤੇ ਵਿਆਖਿਆ ਵੀ ਬਹੁਤ ਸੁੰਦਰ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਪਿਤਾ ਜੀ ਵੀ ਬਹੁਤ ਵਿਦਵਾਨ ਰਾਗੀ ਸਨ। ਭਾਈ ਸਾਹਿਬ ਮਿਲਣ ਸਾਰ ਵਿਅਕਤੀ ਹਨ ਇਨ੍ਹਾਂ ਦਾ ਸਹਾਇਕ ਰਾਗੀ ਭਾਈ ਅਜੀਤ ਸਿੰਘ ਇਨ੍ਹਾਂ ਦਾ ਛੋਟਾ ਭਰਾ ਹੈ। ਪ੍ਰਮਾਤਮਾ ਇਨ੍ਹਾਂ ਨੂੰ ਸ਼ਬਦ ਕੀਰਤਨ ਵਿਚ ਹੋਰ ਵੀ ਕਾਮਯਾਬੀ ਬਖਸ਼ੇ।

### ਭਾਈ ਜਗਸੀਰ ਸਿੰਘ ਜੀ

ਭਾਈ ਜਗਸੀਰ ਸਿੰਘ ਜੀ ਪਿੰਡ ਆਧਨੀਆ ਜਿਲ੍ਹਾ ਮੁਕਤਸਰ ਦੇ ਜੰਮਪਲ ਹਨ ਜੋ ਕਿ ਮਹੰਤ ਜੁਗਿੰਦਰ ਸਿੰਘ ਜੀ ਦੇ ਸਪੁੱਤਰ ਹਨ। ਮਹੰਤ ਜੁਗਿੰਦਰ ਸਿੰਘ ਜੀ 25-30 ਸਾਲਾਂ ਤੋਂ ਪਿੰਡ ਆਧਨੀਆ ਦੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ। ਉਹ ਬਹੁਤ ਮਿਲਣਸਾਰ ਵਿਅਕਤੀ ਹਨ। ਉਹ ਬਹੁਤ ਸਮਾਂ ਸੰਤ ਦੇਸੂ ਵਾਲਿਆਂ ਦੇ ਪਾਸ ਰਹੇ ਹਨ ਅਤੇ ਟਕਸਾਲੀ ਗ੍ਰੰਥੀ ਅਤੇ ਰਾਗੀ ਵੀ ਹਨ।

ਭਾਈ ਜਗਸੀਰ ਸਿੰਘ ਜੀ ਨੂੰ ਮਲੋਟ ਦੇ ਪ੍ਰਸਿੱਧ ਉਸਤਾਦ ਰਾਗੀ ਮੰਗਤ ਸਿੰਘ ਮਸਤਾਨਾ ਪਾਸੋਂ ਹਾਰਮੋਨੀਅਮ (ਸ਼ਬਦ ਕੀਰਤਨ) ਵੀ ਸਿੱਖਿਆ ਦਵਾਈ। ਭਾਈ ਜਗਸੀਰ ਸਿੰਘ ਗੁਰਦੁਆਰਾ ਗੁਰੂ ਅਮਰਦਾਸ ਜੀ ਮੰਡੀ ਗਿੱਦੜਬਾਹਾ ਜਿਲ੍ਹਾ ਮੁਕਤਸਰ ਵਿਖੇ ਢਾਈ ਤਿੰਨ ਸਾਲ ਹੈੱਡ ਰਾਗੀ ਦੀ ਡਿਊਟੀ ਕਰ ਚੁੱਕੇ ਹਨ। ਬਹੁਤ ਇਮਾਨਦਾਰ ਅਤੇ ਮਿਲਣਸਾਰ ਵਿਅਕਤੀ ਹਨ। ਅੱਜ ਕੱਲ ਭਾਈ ਸਾਹਿਬ ਗੁਰਦੁਆਰਾ ਵਿਸ਼ਵਕਰਮਾ ਭਵਨ ਮਲੋਟ ਵਿਖੇ ਹੈੱਡ ਰਾਗੀ ਦੀ ਡਿਊਟੀ ਕਰ ਰਹੇ ਹਨ। ਇਨਾਂ ਦੇ ਨਾਲ ਸਹਾਇਕ ਰਾਗੀ ਅਤੇ ਤਬਲਾ ਵਾਦਕ ਵੀ ਦੋਨੋਂ ਇਨਾਂ ਦੇ ਛੋਟੇ ਭਾਈ ਹਨ। ਭਾਈ ਸਾਹਿਬ ਜੀ ਜਲਦੀ ਹੀ ਸ਼ਬਦ ਕੀਰਤਨ ਦੀ ਕੈਸਟ ਤਿਆਰ ਕਰਵਾ ਰਹੇ ਹਨ।

# ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ

ਗੁਰਜੰਤ ਸਿੰਘ ਰਾਹੀ : ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ

ਵਿਗਿਆਨ ਨੇ ਸੰਸਾਰ ਨੂੰ ਅੱਜ ਐਨਾ ਛੋਟਾ ਕਰ ਦਿੱਤਾ ਕਿ ਸਾਰੀਆਂ ਦੂਰੀਆਂ ਮਿਟ ਗਈਆਂ ਹਨ। ਜੋ ਕਲ ਤੱਕ ਸੋਚਿਆ ਵੀ ਨਹੀਂ ਸੀ ਜਾ ਸਕਦਾ ਅੱਜ ਉਹ ਪਰਤੱਖ ਹੈ। ਸਿੱਖ ਆਪਣੀ ਅਰਦਾਸ ਵਿਚ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਦੀਦਾਰ ਦੀ ਮੰਗ ਕਰਦਾ ਆ ਰਿਹਾ ਹੈ। ਅੱਜ ਟੀ ਵੀ ਰਾਹੀਂ ਹਰਿਮੰਦਰ ਸਾਹਿਬ ਸਿੱਖ ਦੇ ਘਰ ਵਿਚ ਦਰਸ਼ਨ ਦੀਦਾਰੇ ਦੇ ਰਿਹਾ ਹੈ। ਜੇ ਸਿੱਖ ਚਾਹੇ ਤਾਂ ਦਰਸ਼ਨ ਆਪਣੇ ਬਿਸਤਰੇ ਵਿਚ ਪਿਆ ਹੀ ਕਰੇ। ਐਨੀ ਨੇੜਿਓਂ ਅਤੇ ਐਨੇ ਖੁੱਲ੍ਹੇ ਦਰਸ਼ਨ ਦੀਦਾਰੇ ਅਤੇ ਕੀਰਤਨ ਸਰਵਣ ਦਾ ਪੂਰਾ ਲਾਹਾ ਲਵੇ। ਜਿੱਥੇ ਪਹਿਲਾਂ ਕਦੇ ਵਰ੍ਹੇ ਛਿਮਾਹੀ ਦਰਸ਼ਨ ਕਰਨ ਜਾਂਦੇ ਸੀ, ਉਹ ਵੀ ਥੋੜਾ ਸਮਾਂ ਸ਼ਬਦ ਕੀਰਤਨ ਸੁਣਿਆ, ਭੀੜ ਭੜੱਕਾ, ਲੰਗਰ, ਇਸ਼ਨਾਨ, ਖਰੀਦੋ ਫਰੋਖਤ ਤੇ ਵਾਪਸੀ। ਕਿਸੇ ਖਾਸ ਗੱਲ ਬਾਰੇ ਨਾ ਹੀ ਜ਼ਿਆਦਾ ਗਿਆਨ ਹੁੰਦਾ ਸੀ। ਅੱਜ ਅਸੀਂ ਐਨੀ ਨੇੜਿਓਂ ਸਾਰਾ ਨਜ਼ਾਰਾ ਕੈਮਰੇ ਦੀ ਅੱਖ ਨਾਲ ਬੜੀ ਬਰੀਕੀ ਨਾਲ ਵੇਖਦੇ ਹਾਂ। ਕੀਰਤਨ ਸਰਵਣ ਕਰਦੇ ਹਾਂ ਤਾਂ ਜ਼ਰੂਰੀ ਹੈ ਕੁਝ ਖਿਆਲ ਵੀ ਮਨ ਵਿਚ ਪੈਦਾ ਹੋਣ। ਸਾਰੀ ਗੁਰਬਾਣੀ ਰਾਗਾਂ ਛੰਦਾਂ ਵਿਚ ਉਚਾਰਨ ਕੀਤੀ ਹੋਈ ਹੈ। ਗੁਰੂ ਸਾਹਿਬਾਨ ਨੇ ਆਪ ਖੁਦ ਗਾ ਕੇ ਅਤੇ ਆਪਣੇ ਸਨਮੁਖ ਰਾਗੀ ਰਬਾਬੀ ਸਿੰਘਾਂ ਤੋਂ ਗਵਾ ਕੇ ਇਕ ਪਰੰਪਰਾ ਕਾਇਮ ਕੀਤੀ। ਜਿਸ ਨੂੰ ਆਮ ਬੋਲੀ ਵਿਚ ਗੁਰਬਾਣੀ ਕੀਰਤਨ ਕਿਹਾ ਜਾਂਦਾ ਹੈ। ਹੁਣ ਇਸ ਸਾਰੇ ਨੂੰ ਗੁਰਮਤਿ ਸੰਗੀਤ ਦੇ ਨਾਂ ਨਾਲ ਜਾਣਿਆ ਲੱਗਾ।

ਅੱਜ ਜਦੋਂ ਸ੍ਰੀ ਦਰਬਾਰ ਸਾਹਿਬ ਤੋਂ ਸਧਾਰਨ ਗੀਤਾਂ ਵਿਚ ਫਿਲਮੀ ਤਰਜਾਂ ਅਤੇ ਕੁਵੇਲੇ ਦੇ ਰਾਗਾਂ ਦਾ ਗਾਇਨ ਸੁਣਦੇ ਹਾਂ ਤਾਂ ਜੋ ਬੰਦਾ ਰਾਗ ਤਾਲ ਦੀ ਸਮਝ ਰੱਖਦਾ ਹੈ। ਉਹ ਚਾਹੇ ਸਿੱਖ ਜਾਂ ਗੈਰ ਸਿੱਖ ਹੈ ਮਨ ਵਿਚ ਜ਼ਰੂਰ ਸੋਚਦਾ ਹੈ ਕਿ ਇਨ੍ਹਾਂ ਗਾਉਣ ਵਾਲਿਆਂ ਨੂੰ ਰਾਗ ਦੇ ਸਮੇਂ ਦਾ ਕੋਈ ਗਿਆਨ ਨਹੀਂ ਜਾਂ ਇਨ੍ਹਾਂ ਦਾ ਕੋਈ ਵਿਧਾਨ ਨਹੀਂ। ਅਜਿਹੀ ਗੱਲ ਨਹੀਂ ਵਿਧਾਨ ਜ਼ਰੂਰ ਹੈ ਜੋ ਸਦੀਆਂ ਤੋਂ ਚਲਿਆ ਆ ਰਿਹਾ ਹੈ ਪਰ ਹੁਣ ਉਸ 'ਤੇ ਪਹਿਰਾ ਨਹੀਂ ਦਿੱਤਾ ਜਾ ਰਿਹਾ। ਦਰਬਾਰ ਸਾਹਿਬ ਵਿਚ ਸਰਦੀਆਂ ਵਿਚ 18 ਘੰਟੇ ਗਰਮੀਆਂ ਵਿਚ 20 ਘੰਟੇ ਕੀਰਤਨ ਹੁੰਦਾ ਹੈ। ਇਸ ਸਮੇਂ ਨੂੰ 15 ਚੌਂਕੀਆਂ ਵਿਚ ਵੰਡਿਆ ਗਿਆ ਹੈ। ਜਿਸ ਦੇ ਸਮੇਂ ਦੇ ਰਾਗ ਅਨੁਸਾਰ ਨਾਮ ਹਨ। ਚੌਂਕੀ ਭਾਵ ਚਾਰ ਜਣਿਆ ਤੋਂ ਕੀਰਤਨ ਕਰਨ ਵਾਲੀ ਮੰਡਲੀ ਵਿਚ ਇਕ ਮੁਖੀ ਦੋ ਸਹਾਇਕ ਅਤੇ ਇਕ ਤਬਲਾ ਵਾਦਕ ਹੋਣਾ ਚਾਹੀਦਾ ਹੈ। ਪਹਿਲਾਂ ਦਿਲਰੁਬਾ, ਸਰੰਦਾ, ਤਾਊਸ ਤੇ ਤਬਲਾ ਚਾਰ ਸਾਜ਼ ਹੁੰਦੇ ਸਨ। ਅੱਜ ਤਾਂ ਚੌਂਕੀ ਹੀ ਖਤਮ ਹੋ ਗਈ ਰਾਗੀ ਜੱਥਾ ਜਾਂ ਕੀਰਤਨੀ ਜਥਾ ਬਣ ਗਿਆ, ਜਿਸ ਵਿਚ ਦੋ ਹਰਮੋਨੀਅਮ ਇਕ ਤਬਲਾ। ਵਿਦੇਸ਼ੀ ਸਾਜ਼ ਹਰਮੋਨੀਅਮ ਜਿਸ ਨੇ ਇਕ ਸਦੀ ਵਿਚ ਹੀ ਸਾਰੇ ਸਾਜ਼ ਟਿਕਾਣੇ ਲਾ ਦਿੱਤੇ ਅਤੇ ਆਪਣੀ ਪ੍ਰਧਾਨਤਾ ਕਾਇਮ ਕਰ ਲਈ। ਇਹ ਤਾਂ ਉਹ ਗੱਲ ਬਣੀ 'ਅੱਗ ਲੈਣ ਆਈ ਘਰ ਦੀ ਮਾਲਕ ਬਣ ਬੈਠੀ।' ਇਹ ਨਹੀਂ ਕਿ ਪਹਿਲੇ ਸਾਜ ਅਧੂਰੇ ਸਨ ਜਾਂ ਉਨ੍ਹਾਂ ਵਿਚ ਕੋਈ ਘਾਟ ਸੀ। ਜਦੋਂ ਕਿ ਹਰਮੋਨੀਅਮ ਵਿਚ ਮੀਂਡ, ਗਮਕ, ਜਮਜਮਾ ਆਦਿ ਨਹੀਂ ਹੈ ਜੋ ਤਾਰ ਦੇ ਸਾਜ਼ ਵਿਚ ਵਿਸ਼ੇਸ਼ ਹੈ। ਜੇ ਹਰਮੋਨੀਅਮ ਬੇਸੁਰਾ ਹੈ ਤਾਂ ਬੇਸੁਰਾ ਸਹੀ ਵਾਦਕ ਨੇ ਸਮੇਂ ਤੇ ਸੁਰ ਨਹੀਂ ਕਰ ਲੈਣਾ ਕਾਰੀਗਰ ਰੇਤੀ ਟਕੋਰੇ ਨਾਲ ਹੀ ਸੁਰ ਕਰੇਗਾ।

ਤੰਤੀ ਸਾਜ਼ਾਂ ਨੂੰ ਸਿੱਖਣ ਵਾਸਤੇ ਬਹੁਤ ਜ਼ਿਆਦਾ ਮਿਹਨਤ ਦੀ ਜ਼ਰੂਰਤ ਹੈ, ਸੁਰ ਗਿਆਨ ਵਾਸਤੇ ਸੂਖਮ ਸੂਝ ਚਾਹੀਦੀ ਹੈ। ਹਰਮੋਨੀਅਮ ਨਾਲ ਕੰਮ ਸੌਖਾ ਹੋ ਗਿਆ। ਸਾਡੇ ਕੀਰਤਨੀਆਂ ਨੇ ਸੌਖਾ ਅਤੇ ਅਧੂਰਾ ਰਾਹ ਲੱਭ ਲਿਆ। ਇਹੀ ਰਿਵਾਜ ਦਰਬਾਰ ਸਾਹਿਬ ਵਿਚ ਸ਼ੁਰੂ ਹੋ ਗਿਆ। ਪਰੰਪਰਾਗਤ ਚੌਂਕੀਆਂ ਦੀ ਥਾਂ ਤਿਕੜੀ ਨੇ ਲੈ ਲਈ। ਕਿਸੇ ਪ੍ਰਬੰਧਕ ਕਮੇਟੀ, ਜਥੇਦਾਰ, ਮੁਖੀ ਸੰਸਥਾ ਨੇ ਗੰਭੀਰਤਾ ਨਾਲ ਨਹੀਂ ਲਿਆ। ਜੇ ਇਕੱਲੇ ਦੁਕੱਲੇ ਨੇ ਕਿਹਾ ਸੁਣਿਆ ਤਾਂ ਮੇਲੇ ਵਿਚ ਚੱਕੀ ਰਾਹੇ ਦੀ ਕੌਣ ਸੁਣਦੈ ਵਾਂਗ ਆਈ ਗਈ ਹੋ ਗਈ। ਸੰਗਤ ਨੇ ਵੀ ਇਹੀ ਕੀਰਤਨ ਪਰਵਾਨ ਕਰ ਲਿਆ। 'ਭੁੱਖ ਨਾ ਵੇਖੇ ਸੁਆਦ' ਅਨੁਸਾਰ ਕੀਰਤਨ ਰੂਪੀ ਭੋਜਨ ਜੋ ਮਿਲਿਆ ਪਰਵਾਨ ਕਰ ਲਿਆ।

ਵੀਚਾਰ ਦੀ ਗੱਲ ਹੈ ਕਿ ਜਿਸ ਭਾਵਨਾ ਜਾਂ ਜਿਸ ਮਕਸਦ ਨੂੰ ਮੁੱਖ ਰੱਖ ਕੇ ਗੁਰੂ ਸਾਹਿਬਾਨ ਨੇ ਕੀਰਤਨ

ਪਰੰਪਰਾ ਸ਼ੁਰੂ ਕੀਤੀ ਸੀ ਕੀ ਉਸ ਦੀ ਪੂਰਤੀ ਹੋ ਰਹੀ ਹੈ। ਕੀਰਤਨ ਦਾ ਮੁੱਖ ਮੰਤਵ ਸੁਰਤੇ ਦਾ ਸ਼ਬਦ ਨਾਲ ਮੇਲ ਕਰਨਾ ਹੈ। ਰਾਗ ਦੁਆਰਾ ਇਕ ਕਾਰ ਕੱਢ ਕੇ ਮਨ ਇਕਾਗਰ ਕਰਨਾ ਹੈ ਅਤੇ ਇਕਾਗਰ ਹੋਏ ਮਨ ਤੇ ਹੀ ਸ਼ਬਦ ਨੇ ਚੋਟ ਕਰਨੀ ਹੈ ਅਤੇ ਮਨੁੱਖ ਨੇ ਸਚਿਆਰ ਹੋਣਾ ਹੈ। ਕਬੀਰ ਸਾਹਿਬ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਜੋ ਮਨੁੱਖ ਸ਼ਬਦ ਦੀ ਚੋਟ ਸਹਿਨ ਕਰੇ ਮੈਂ ਉਸ ਦਾ ਦਾਸ ਹੋਣ ਲਈ ਤਿਆਰ ਹਾਂ। ਭਾਵ ਸ਼ਬਦ ਦੀ ਸੋਝੀ ਆਉਣ ਨਾਲ ਮਨੁੱਖ ਦੀ ਆਤਮਕ ਪਹੁੰਚ ਅਸੀਮ ਹੋ ਜਾਂਦੀ ਹੈ। ਕੀ ਅਜੋਕਾ ਕੀਰਤਨ ਇਹ ਕਾਰਜ ਕਰਦਾ ਹੈ, ਉੱਤਰ ਸਾਰਿਆਂ ਦੇ ਸਾਹਮਣੇ ਹੈ। ਸਾਡੇ ਸਮਾਜ ਦੀ ਹਾਲਤ। ਜੇ ਉੱਤਰ ਨਾਂਹ ਪੱਖੀ ਹੈ ਤਾਂ ਇਸ ਦੇ ਸੁਧਾਰ ਤੇ ਵੀਚਾਰ ਕਰੀਏ। ਅਸੀਂ ਆਪਣੀਆਂ ਪਰੰਪਰਾਵਾਂ ਨੂੰ ਛੱਡਦੇ ਜਾ ਰਹੇ ਹਾਂ। ਬੰਗਾਲੀਆਂ ਨੂੰ ਅਤੇ ਸਿੱਖਾਂ ਨੂੰ ਸੰਗੀਤ ਧਾਰਮਿਕ ਵਿਰਸੇ ਵਿਚ ਮਿਲਿਆ ਹੈ। ਕਿਸੇ ਹੋਰ ਨੂੰ ਨਹੀਂ। ਬੰਗਾਲੀ ਸਭ ਤੋਂ ਅੱਗੇ ਹਨ ਤੇ ਸਿੱਖ ਸਭ ਤੋਂ ਪਿੱਛੇ। ਇਸਲਾਮ ਵਿਚ ਰਾਗ ਗਾਉਣਾ ਵਿਵਰਜਿਤ ਹੈ ਫਿਰ ਵੀ ਸੰਗੀਤ ਖੇਤਰ ਵਿਚ ਇਸਲਾਮੀਆਂ ਦਾ ਬੋਲਬਾਲਾ ਜ਼ਿਆਦਾ ਹੈ। ਹਿੰਦੂ ਮੰਦਰਾਂ ਵਿਚ ਅੱਜ ਤੱਕ ਪਰੰਪਰਾਵਾਦੀ ਸੰਕੀਰਤਨ ਦੀ ਪ੍ਰਥਾ ਕਾਇਮ ਹੈ। ਮਥਰਾ ਵਿਖੇ ਸ੍ਰੀ ਕ੍ਰਿਸ਼ਨ ਜੀ ਦੇ ਮੰਦਰ ਵਿਚ ਸਵੇਰੇ ਸਵੇਰੇ ਮੰਦਰ ਦੇ ਸਾਹਮਣੇ ਨੀਵੇਂ ਥਾਂ ਧਰੁਪਦ ਸ਼ੈਲੀ ਵਿਚ ਭਜਨ ਸੁਣਨ ਦਾ ਮੌਕਾ ਮਿਲਿਆ। ਪੁੱਛਣ 'ਤੇ ਪਤਾ ਲੱਗਿਆ ਕਿ ਇਹ ਸਟਾਇਲ ਪੁਰਾਤਨ ਹੈ। ਇਸੇ ਤਰ੍ਹਾਂ ਬ੍ਰਿੰਦਾਬਨ ਤੋਂ ਆਏ ਰਾਸਧਾਰੀਆਂ ਦੀਆਂ ਵੱਖ ਵੱਖ ਮੰਡਲੀਆਂ ਦੇ ਗਾਇਨ ਤੇ ਨਰਿਤ ਸਟਾਇਲ ਵਿਚ ਪਾਈ ਜਾਣ ਵਾਲੀ ਇਕਸਾਰਤਾ ਪਰੰਪਰਾ ਨੂੰ ਕਾਇਮ ਰੱਖਣ ਦਾ ਉਪਰਾਲਾ ਹੈ। ਬਾਕੀ ਗੱਲਾਂ ਤਾਂ ਦੂਰ ਸਾਡੇ ਆਸਾ ਦੀ ਵਾਰ ਵਿਚ ਪੜ੍ਹੀ ਜਾਣ ਵਾਲੀ ਪਉੜੀ ਜਿਸਦਾ ਇਕ ਵਿਸ਼ੇਸ਼ ਠੇਕਾ ਨਿਸ਼ਚਿਤ ਹੈ। ਪਉੜੀ ਲਾਉਣ ਦਾ ਇਕ ਢੰਗ ਹੈ। ਬਹੁਤਿਆਂ ਵਲੋਂ ਉਹ ਵੀ ਕਹਿਰਵੇ ਵਿਚ ਗਾ ਕੇ ਕੰਮ ਸਾਰ ਲਿਆ ਜਾਂਦਾ ਹੈ। ਜੇ ਪਰੰਪਰਾ ਨੂੰ ਨਾ ਸੰਭਾਲਿਆ ਤਾਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਨਜ਼ਰਾਂ ਵਿਚ ਦੋਸ਼ੀ ਹੋਵਾਂਗੇ। ਕਿਉਂਕਿ ਅਸੀਂ ਉਨ੍ਹਾਂ ਨੂੰ ਪਿਓ ਦਾਦੇ ਦੇ ਖਜ਼ਾਨੇ ਦੀ ਸੰਭਾਲ ਕੇ ਸਪੁਰਦੀ ਨਹੀਂ ਕਰਾਂਗੇ। ਜੋ ਅਸੀਂ ਉਨ੍ਹਾਂ ਨੂੰ ਵਿਰਾਸਤ ਵਿਚ ਦੇ ਕੇ ਜਾਵਾਂਗੇ ਉਹ ਪਰੰਪ੍ਰਾਗਤ ਨਹੀਂ ਹੋਵੇਗਾ। ਅਜੇ ਕੁਝ ਨਹੀਂ ਵਿਗੜਿਆ ਡੁੱਲ੍ਹੇ ਬੇਰਾਂ ਦਾ। ਆਓ ਰਲ ਕੇ ਸੰਭਾਲ ਕਰ ਲਈਏ। ਇਸ ਸਬੰਧੀ ਸਾਰੇ ਰਲ ਕੇ ਉਪਰਾਲਾ ਕਰੀਏ। ਬਖਸ਼ਸ਼ ਗੁਰੂ ਆਪ ਕਰੇਗਾ।

ਦਰਬਾਰ ਸਾਹਿਬ ਵਿਚ ਰਬਾਬ ਸਰੰਦਾ, ਦਿਲਰੁਬਾ ਅਤੇ ਤਬਲੇ ਨਾਲ ਕੀਰਤਨ ਕਰਨ ਵਾਲੇ ਕੀਰਤਨੀਏ ਨਿਯੁਕਤ ਕੀਤੇ ਜਾਣ। ਸ਼੍ਰੋਮਣੀ ਕਮੇਟੀ ਜਾਂ ਹੋਰ ਮਿਆਰੀ ਗੁਰਮਤਿ ਸੰਗੀਤ ਵਿਦਿਆਲੇ ਬੱਚਿਆਂ ਨੂੰ ਤੰਤੀ ਸਾਜਾਂ ਦੁਆਰਾ ਕੀਰਤਨ ਦੀ ਸਿਖਲਾਈ ਸ਼ੁਰੂ ਕਰਾਉਣ ਸਿਖਿਆਰਥੀਆਂ ਨੂੰ ਹਰਮੋਨੀਅਮ ਤੋਂ ਪਰੇ ਰੱਖਿਆ ਜਾਵੇ। ਸਾਡੇ ਰਾਗੀਆਂ ਵਿਚ ਚੰਗੇ ਗਾਇਕ ਪੈਦਾ ਨਾ ਹੋਣ ਦਾ ਕਾਰਨ ਇਹੀ ਹੈ ਕਿ ਅਸੀਂ ਵਿਦਿਆਰਥੀ ਨੂੰ ਪਹਿਲੇ ਦਿਨ ਹੀ ਹਰਮੋਨੀਅਮ ਹਥ ਫੜਾ ਕੇ ਕਹਿੰਦੇ ਹਾਂ 'ਪਹਿਲਾਂ ਕਾਲਾ ਦਬਾ ਕੇ ਸਾ ਮਿਲਾਓ। ਸਾਰੀ ਸਿਖਲਾਈ ਪੂਰੀ ਹੋ ਗਈ ਬਥੇਰੇ ਰਾਗ ਸਿੱਖੇ ਸ਼ਬਦ ਗਾਏ ਪਰ ਆਪਣਾ 'ਸਾ' ਨਹੀਂ ਕਾਇਮ ਹੋਇਆ। ਜੇ ਹਰਮੋਨੀਅਮ ਹੋਵੇਗਾ ਤਾਂ ਗਾਇਆ ਜਾ ਸਕਦਾ ਨਹੀਂ ਤਾਂ ਨਹੀਂ। ਇਹ ਤਾਂ ਇਉਂ ਹੋਇਆ ਜਿਵੇਂ ਅਸੀਂ ਕਿਸੇ ਸੁਜਾਖੇ ਨੂੰ ਸੋਟੀ ਨਾਲ ਤੁਰਨਾ ਸਿਖਾ ਦੇਈਏ ਉਸਦੀਆਂ ਅੱਖਾਂ ਵੀ ਹਨ ਪਰ ਉਸਦੀ ਆਦਤ ਬਣ ਗਈ ਕਿ ਉਹ ਸੋਟੀ ਬਗੈਰ ਸਹੀ ਟੁਰ ਨਹੀਂ ਸਕਦਾ। ਇਹੀ ਹਾਲ ਸਾਡੇ ਗੁਰਮਤਿ ਸੰਗੀਤ ਦਾ ਹਰਮੋਨੀਅਮ ਨੇ ਕੀਤਾ। ਅਜੇ ਇਹ ਬਿਮਾਰੀ ਲਾ ਇਲਾਜ ਨਹੀਂ ਹੋਈ ਇਸਦਾ ਇਲਾਜ ਹੈ। ਵਿਦਿਆਲਿਆਂ ਵਿਚ ਅਧਿਆਪਕ ਉਹ ਨਿਯੁਕਤ ਕੀਤੇ ਜਾਣ ਜੋ ਗਾ ਸਕਦੇ ਹੋਣ। ਇਥੇ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਗਾਉਣਾ ਇਕ ਸੁਤੰਤਰ ਵਿਸ਼ਾ ਹੈ। ਕਿਸੇ ਸਾਜ਼ ਦੀ ਜ਼ਰੂਰਤ ਨਹੀਂ। ਸਾਜ਼ੀ ਨੇ ਸੰਗਤ ਕਰਨੀ ਹੈ ਜੋ ਕਿਸੇ ਵੀ ਸਾਜ਼ ਦੁਆਰਾ ਕੀਤੀ ਜਾ ਸਕਦੀ ਹੈ। ਗਾਉਣਾ ਕੰਠ (ਗਲੇ) ਦਾ ਕੰਮ ਹੈ ਪਰ ਵਜਾਉਣਾ ਸਾਜ਼ ਦਾ। ਅਸੀਂ ਗਾਉਣਾ ਵਜਾਉਣਾ ਇਕ ਕਰ ਲਿਆ। ਇਸ ਕਰਕੇ ਦੋਨੋਂ ਅਧਾ+ਅਧਾ ਇਕ ਬਣਿਆ। ਇਹ ਸਚਾਈ ਹੈ ਕਿ ਜੋ ਚੰਗੇ ਉਸਤਾਦਾਂ ਦੇ ਸਿੱਖੇ ਹਨ। ਉਨ੍ਹਾਂ ਪਲੇ ਗਾਇਨ (ਵੋਕਲ) ਹੈ। ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਨਿਵੇਦਤਾ ਕੌਰ, ਪ੍ਰੋ. ਅਲੰਕਾਰ ਸਿੰਘ, ਭਾਈ ਬਲਬੀਰ ਸਿੰਘ, ਬਲਜੀਤ ਸਿੰਘ ਨਾਮਧਾਰੀ, ਭਾਈ ਸੁਖਵੰਤ ਸਿੰਘ ਆਦਿ ਕੁਝ ਕੁ ਨਾਂ ਹਨ ਜਿਨ੍ਹਾਂ ਨੂੰ ਕੀਰਤਨ ਕਰਨ ਵੇਲੇ ਹਰਮੋਨੀਅਮ ਦੀ ਲੋੜ ਨਹੀਂ। ਬਾਕੀ ਬਹੁਤਿਆਂ ਨੂੰ ਬਿਨ੍ਹਾਂ ਵਾਜੇ ਤੋਂ ਗਾਉਣਾ ਨਹੀਂ ਆਉਂਦਾ। ਭਾਈ ਬਲਜੀਤ ਸਿੰਘ ਗੁਰਮੀਤ ਸਿੰਘ ਦਿਲਰੁਬਾ ਅਤੇ ਤਾਰ ਸ਼ਹਿਨਾਈ ਨਾਲ ਹੀ ਪੁਰਾਤਨ ਸ਼ੈਲੀ ਵਿਚ ਕੀਰਤਨ ਕਰਦੇ ਹਨ। ਭਾਈ ਕੁਲਬੀਰ ਸਿੰਘ ਬਟਾਲਾ ਰਬਾਬ ਅਤੇ ਸਰੰਦੇ ਨਾਲ

ਕੀਰਤਨ ਕਰਦੇ ਹਨ। ਅਜਿਹੇ ਜਥਿਆਂ ਨੂੰ ਵਿਸ਼ੇਸ਼ ਤੌਰ ’ਤੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਲਈ ਮੌਕਾ ਦੇਣਾ ਚਾਹੀਦਾ ਹੈ।

ਭਾਈ ਬਲਬੀਰ ਸਿੰਘ ਵਰਗੇ ਬਜ਼ੁਰਗ ਵਿਦਵਾਨਾਂ ਦੀਆਂ ਸੇਵਾਵਾਂ ਸਿਖਲਾਈ ਲਈ ਲੈਣੀਆਂ ਚਾਹੀਦੀਆਂ ਹਨ। ਦਰਬਾਰ ਸਾਹਿਬ ਵਿਚ ਨਿਯੁਕਤ ਰਾਗੀ ਜਥਿਆਂ ਦੇ ਚੰਗੇ ਵਿਦਵਾਨਾਂ ਪਾਸ ਰਿਫਰੈਸ਼ਰ ਕੋਰਸ ਲਾਉਣੇ ਚਾਹੀਦੇ ਹਨ। ਜਿਨ੍ਹਾਂ ਕੋਲੋਂ ਉਹ ਪ੍ਰਾਚੀਨ ਟਕਸਾਲੀ ਬੰਦਸ਼ਾਂ ਸਿੱਖ ਸਕਣ। ਦਰਬਾਰ ਸਾਹਿਬ ਦਾ ਕੀਰਤਨ ਨਿਰੋਲ ਰਾਗ ਅਧਾਰਤ ਕਾਇਮ ਕੀਤੀਆਂ 15 ਚੌਂਕੀਆਂ ਅਨੁਸਾਰ ਗੁਰਬਾਣੀ ਵਿਚ ਪੜਤਾਲਾਂ ਅਤੇ 17 ਘਰਾਂ ਵਿਚ ਗਾਇਨ ਕੀਤਾ ਜਾਵੇ ਤਾਂ ਕਿ ਸਾਰਾ ਸੰਸਾਰ ਇਹ ਮਹਿਸੂਸ ਕਰੇ ਕਿ ਗੁਰਮਤਿ ਸੰਗੀਤ ਦੀ ਇਕ ਅਮੀਰ ਪਰੰਪਰਾ ਹੈ।

ਅੱਜ ਸਕੂਲਾਂ ਕਾਲਜਾਂ ਵਿਚ ਸੰਗੀਤ ਵਿਸ਼ਾ ਪੜ੍ਹਾਇਆ ਜਾਂਦਾ ਹੈ। ਸ਼ਬਦ ਗਾਇਨ ਸਿਖਾਇਆ ਜਾਂਦਾ ਹੈ। ਉਸ ਵੇਲੇ ਹੈਰਾਨਗੀ ਹੁੰਦੀ ਹੈ ਜਦੋਂ ਵਿਦਿਆਰਥੀ ਤਾਂ ਪੜਤਾਲਾਂ ਗਾ ਰਹੇ ਹੁੰਦੇ ਹਨ ਤੇ ਪ੍ਰੋਫ਼ੈਸ਼ਨਲ ਰਾਗੀ ਸਧਾਰਨ ਗੀਤ। ਜੇਕਰ ਅਜਿਹੇ ਰਾਗੀ ਨੂੰ ਕੋਈ ਸੰਗਤ ਵਿਚ ਫਰਮਾਇਸ਼ ਕਰ ਦੇਵੇ ਕਿ ਫਲਾਂ ਰਾਗ ਸੁਣਾਓ ਜੀ ਤਾਂ ਉਸਦੀ ਕੀ ਹਾਲਤ ਹੋਵੇਗੀ। ਪਰੰਪਰਾਗਤ ਕੀਰਤਨੀਆਂ ਦਾ ਮਾਨ ਸਤਿਕਾਰ ਹੋਣਾ ਚਾਹੀਦਾ ਹੈ ਤਾਂ ਕਿ ਬਾਕੀਆਂ ਨੂੰ ਵੀ ਉਤਸ਼ਾਹ ਪੈਦਾ ਹੋ ਸਕੇ ਅਤੇ ਫਿਰ ਤੋਂ ਮਿਹਨਤ ਕਰਨ ਦਾ ਰਿਵਾਜ ਪਵੇ। ਭਲੋ ਭਲੋ ਰੇ ਕੀਰਤਨੀਆ ਕਹਿਣ ਵਾਲੇ ਗੁਰੂ ਦੇ ਮਨ ਨੂੰ ਭਲੇ ਲਗ ਸਕੀਏ।

# ਵਾਹਿਗੁਰੂ ਗੁਰ ਸਬਦੁ ਸੁਣਾਇਆ

ਕਰਤਾਰ ਸਿੰਘ ਨੀਲਧਾਰੀ : 162-ਏ, ਗਰੇਨ ਮਾਰਕੀਟ, ਮਧਿਆ ਮਾਰਗ ਚੰਡੀਗੜ੍ਹ

ਸ਼ਬਦ ਗੁਰੂ ਦੀ ਚੇਤਨਾ ਹੋਣਾ ਹੀ ਸਤਿਗੁਰੂ ਦਾ ਆਪਣੀ ਸੇਵਕਾਈ ਨੂੰ ਦਿੱਤਾ ਗੁਰ ਪ੍ਰਸਾਦਿ ਕਿਹਾ ਜਾ ਸਕਦਾ ਹੈ। ਕਿਸੇ ਇਸ਼ਟ ਦੀ ਉਸਤਤਿ ਵਿਚ ਉਤਰੀ ਹੋਈ ਬਾਣੀ ਉਸ ਇਸ਼ਟ ਦਾ ਸੂਖਮ ਰੂਪ ਹੁੰਦੀ ਹੈ ਤੇ ਇਸ ਤਰ੍ਹਾਂ ਗੁਰੂ ਵੱਲੋਂ ਆਪਣੀ ਸੰਗਤ (ਸੰਘ, ਸੰਸਥਾ ਜਾਂ ਧਰਮ) ਨੂੰ ਦਿੱਤਾ ਗੁਰੂ ਮੰਤਰ ਉਸ ਗੁਰੂ ਦਾ ਸੂਖਮ ਰੂਪ ਹੁੰਦਾ ਹੈ। ਦੇਹਧਾਰੀ ਗੁਰੂ ਅਤੇ ਸ਼ਬਦ ਵਿਚ ਉਹੀ ਅੰਤਰ ਹੈ ਜੋ ਗੁਲਾਬ ਦੇ ਫੁੱਲ ਤੇ ਗੁਲਾਬ ਦੇ ਅਤਰ ਵਿਚ ਹੈ। ਗੁਲਾਬ ਦਾ ਇਤਰ ਗੁਲਾਬ ਵਿਚੋਂ ਹੀ ਨਿਕਲਦਾ ਹੈ। ਕਿਸੇ ਆਕਾਸ਼ੀ ਮੀਂਹੇ ਨਾਲ ਨਹੀਂ ਆਉਂਦਾ, ਇਸ ਤਰ੍ਹਾਂ ਦੇਹਧਾਰੀ ਗੁਰੂ ਆ ਕੇ ਆਪਣੇ ਪੈਰੋਕਾਰਾਂ ਉੱਤੇ ਪ੍ਰਸੰਨ ਹੋ ਕੇ ਗੁਰ ਮੰਤਰ ਦਿੰਦੇ ਆ ਰਹੇ ਹਨ। ਗੁਰੂ ਸ਼ਿਸ਼ ਪਰੰਪਰਾ ਤਿਆਗੀ ਦੇ ਆਰੰਭ ਤੋਂ ਹੀ ਹਰੇਕ ਸਭਿਅਤਾ ਦਾ ਜ਼ਰੂਰੀ ਵਿਕਾਸ ਅੰਗ ਬਣੀ ਆ ਰਹੀ ਹੈ। ਅੱਖਰਾਂ ਦੇ ਮੁਢਲੇ ਗਿਆਨ ਤੋਂ ਲੈ ਕੇ ਗੰਭੀਰ ਸ਼ਾਸਤਰਾਂ ਦੇ ਅਧਿਐਨ ਤੱਕ ਅਤੇ ਇਕਰੀਰ ਤੋਂ ਲੈ ਕੇ ਐਟਮ ਬੰਬ ਬਨਾਉਣ ਤੱਕ ਸਿੱਖਿਆਰਥੀ ਨੂੰ ਸਿੱਖਿਅਕ ਦੀ ਲੋੜ ਪੈਂਦੀ ਹੈ। ਵੇਦਾਂ ਦੇ ਉਲਝੇ ਗਿਆਨ, ਉਪਾਸਨਾ ਤੇ ਕਰਮ ਦੇ ਵੇਰਵਿਆਂ ਵਿਚੋਂ ਬ੍ਰਹਮ ਦੀ ਚਰਚਾ ਸਿੱਧ ਕਰਨ ਲਈ ਕਈ ਸਿਸ਼ਾਂ ਦੇ ਪ੍ਰਸ਼ਨ ਤੇ ਗੁਰੂਆਂ ਦੇ ਉੱਤਰ ਦੇ ਰੂਪ ਵਿਚ ਉਪਨਿਸ਼ਦਾਂ ਦੀ ਰਚਨਾ ਹੋਈ ਇਸ ਵਿਚੋਂ ਸਿਖਰੀ ਉਪਨਿਸ਼ਦ ਭਗਵਤ ਗੀਤਾ ਬਣੀ। ਭਗਵਤ ਗੀਤਾ ਦਾ ਅਵਤਰਣ ਇਕ ਕਰਾਂਤੀਕਾਰੀ ਪੜਾਵ ਸੀ।

ਗੀਤਾ ਦੇ ਅਰਜੁਨ-ਸ੍ਰੀ ਕ੍ਰਿਸ਼ਨ ਸੰਵਾਦ ਦੇ ਦੋਵੇਂ ਸ਼ਿਸ਼ ਗੁਰੂ ਖਤਰੀ ਸਨ ਪਰ ਗੁਰੂ ਰੂਪ ਵਿਚ ਉਭਰੇ ਸ੍ਰੀ ਕ੍ਰਿਸ਼ਨ ਉਸ ਸਮੇਂ ਰਥਵਾਨ ਦਾ ਸ਼ੂਦਰ ਕਰਮ ਨਿਭਾ ਰਹੇ ਸਨ। ਇਸ ਤਰ੍ਹਾਂ ਬ੍ਰਹਮ ਗਿਆਨ ਉਤੋਂ ਬ੍ਰਾਹਮਣਾਂ ਦਾ ਗੁਰੂ ਏਕਾਧਿਕਾਰ ਖਤਮ ਹੋ ਗਿਆ ਤੇ ਮਗਰੋਂ ਹਿੰਦੂ ਧਰਮ ਦੇ ਹਰੇਕ ਵਰਣ ਵਿਚ ਪ੍ਰਸਿੱਧ ਸੰਤ ਭਗਤ ਹੋਏ ਜਿਨਾਂ ਨੇ ਸਿਖਰੀ ਭਗਤੀ ਵੀ ਕੀਤੀ ਅਤੇ ਬਾਣੀ ਵੀ ਰਚੀ। ਇਸ ਕ੍ਰਾਂਤੀਕਾਰੀ ਪਰੀਵਰਤਨ ਦਾ ਸਿਖਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਇਆ। ਸਿੱਖ ਗੁਰੂ ਜਾਤ ਕਰਕੇ ਖਤਰੀ ਸਨ ਅਤੇ ਕਰਮ ਦੇ ਮੁਢਲੇ ਰੂਪ ਵਿਚ ਵੈਸ਼ਯ ਸਨ। ਪਰ ਆਪਣਾ ਧਰਮ ਗ੍ਰੰਥ ਸਥਾਪਿਤ ਕਰਨ ਲੱਗਿਆ ਉਨ੍ਹਾਂ ਨੇ ਧਰਮ, ਜਾਤ ਤੇ ਵਰਣ ਦੇ ਸਾਰੇ ਬੰਧਨ ਦਰਨਿਕਾਰ ਕਰਕੇ ਇਕ ਪ੍ਰਭੂ ਦੀ ਭਗਤੀ ਕਰਨ ਵਾਲੇ ਸਾਰੀ ਮਾਨਵਤਾ ਨੂੰ ਸਾਝ ਪਿਆਰ ਕਰਨ ਵਾਲੇ ਪ੍ਰਭੂ ਨਾਲ ਲੈ ਲੀਨ ਹੋਏ ਭਗਤਾਂ, ਸੰਤਾਂ ਤੇ ਫਕੀਰਾਂ ਦੀ ਬਾਣੀ ਨੂੰ ਇਸ ਗ੍ਰੰਥ ਵਿਚ ਆਪਣੇ ਬਰਾਬਰ ਦਾ ਸਥਾਨ ਦਿੱਤਾ। ਭਗਤ ਸ੍ਰਿੰਖਲਾ ਵਿਚ ਅਜਿਹੇ ਆਦਮਦਰਸ਼ੀ ਸਾਧ ਵੀ ਸਨ ਜਿਨ੍ਹਾਂ ਨੇ ਗੁਰੂ ਸਰੂਪਾਂ ਵਿਚੋਂ ਪਿਛਲੇ ਯੁਗਾਂ ਦੀ ਲੜੀ ਵਿਚ ਬ੍ਰਹਮ ਦੇ ਦਰਸ਼ਨ ਕੀਤੇ ਅਤੇ ਸਰਗੁਣ ਸਰੂਪ ਸਤਿਗੁਰਾਂ ਦੀ ਉਸਤਤਿ ਕੀਤੀ। ਇਹਨਾਂ ਸਿੱਖ ਸਾਧਾਂ ਵਿਚ ਬਾਬਾ ਸੁੰਦਰ, ਰਬਾਬੀ ਸੱਤਾ-ਬਲਵੰਡ ਅਤੇ ਭੱਟ ਸ਼ਾਮਿਲ ਹਨ ਅਤੇ ਭਾਈ ਮਰਦਾਨਾ ਇਕ ਐਸਾ ਅਲੌਕਿਕ ਸਿੱਖ ਹੈ ਜਿਸਨੂੰ ਗੁਰੂਆਂ ਦੇ ਏਕਾਧਿਕਾਰ ਦੀ ਨਾਨਕ ਛਾਪ ਵਰਤਨ ਦੀ ਖੁੱਲ ਵੀ ਮਿਲੀ। ਬਾਣੀ ਰੂਪੀ ਸ਼ਬਦ ਤੋਂ ਇਲਾਵਾ ਗੁਰਮੰਤਰ ਰੂਪੀ ਸ਼ਬਦ ਵਾਹਿਗੁਰੂ ਦਾ ਸਿੱਧੇ ਤੌਰ ਤੇ ਗੁਰੂਆਂ ਨੇ ਆਪਣੀ ਬਾਣੀ ਵਿਚ ਜ਼ਿਕਰ ਨਹੀਂ ਕੀਤਾ। ਭੱਟਾਂ ਦੀ ਬਾਣੀ ਵਿਚ ਤੇਰਾਂ ਵਰੀ ਵਾਹਿਗੁਰੂ ਸ਼ਬਦ ਦੀ ਵਰਤੋਂ ਹੋਈ ਹੈ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਅਖੀਰਲੀ ਪਉੜੀ ਵਿਚ ਵਾਹਿਗੁਰੂ ਗੁਰਮੰਤਰ ਦੀ ਪਰੀਭਾਸ਼ਕ ਵਿਆਖਿਆ ਵੀ ਕੀਤੇ ਕਈ ਹੋਰ ਪਉੜੀਆਂ ਵਿਚ ਉਪਮਾ ਉਸਤਤਿ ਵੀ ਕੀਤੀ। ਭਾਈ ਗੁਰਦਾਸ ਜੀ ਅਨੁਸਾਰ

*ਸਤਿਜੁਗ ਸਤਿਗੁਰ ਵਾਸਦੇਵ*
*ਵਵਾ ਵਿਸਨਾ ਨਾਮੁ ਜਪਾਵੈ॥*
*ਦੁਆਪਰਿ ਸਤਿਗੁਰ ਹਰੀ ਕ੍ਰਿਸ਼ਨ*
*ਹਾਹਾ ਹਰਿ ਹਰਿਨਾਮ ਜਪਾਵੈ॥*
*ਤੇਤੇ ਸਤਿਗੁਰ ਰਾਮ ਜੀ ਰਾਮ ਰਾਮ ਜਪੇ ਸੁਖ ਪਾਵੈ॥*
*ਕਲਿਯੁਗ ਨਾਨਕ ਗੁਰ ਗੋਬਿੰਦ*
*ਮਮਾ ਗੋਬਿੰਦ ਨਾਮੁ ਅਲਾਵੈ॥*
*ਚਾਰੇ ਜਾਮੇ ਚਹੁ ਜੁਗੀ ਪੰਚਾਇਣ ਵਿਚਿ ਲਾਏ ਸਮਾਵੈ॥*
*ਚਾਰੋ ਅਛਰ ਇਹੁ ਕਰਿ ਵਾਹਗੁਰੂ ਜਪੁ ਮੰਤ੍ਰ ਜਪਾਵੈ॥*
*ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ॥੨੯॥੧*

ਯੁਗ ਅਵਤਾਰ ਪ੍ਰਣਾਲੀ ਕੇਵਲ ਭਾਈ ਗੁਰਦਾਸ ਜੀ

ਨੇ ਵੀ ਸਵੀਕਾਰ ਨਹੀਂ ਕੀਤੀ ਸਗੋਂ ਭੱਟਾਂ ਨੇ ਵੀ ਇਸ ਪਰੰਪਰਾ ਨੂੰ ਨਿਭਾਇਆ ਹੈ-

*ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ*
*ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ*
*ਆਦਿ ਪੁਰਖੁ ਫੁਰਮਾਇਓ॥* (ਪੰਨਾ 1390)

ਭਾਈ ਗੁਰਦਾਸ ਜੀ ਅਨੁਸਾਰ ਚਾਰ ਜੁਗਾਂ ਦੇ ਅਵਤਾਰੀ ਪਹਿਰੇਦਾਰ ਆਪਣਾ ਫਰਜ਼ ਨਿਭਾ ਕੇ ਫੇਰ ਪੰਚਾਇਣ (ਅਕਾਲ ਪੁਰਖ) ਵਿਚ ਸਮਾ ਜਾਂਦੇ ਹਨ। ਜਨਮ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੌ ਨੌ ਯੁਗ ਚਹੁ ਅੱਖਰਾਂ ਦਾ ਸਿਮਰਨ ਕੀਤਾ ਤੇ ਫੇਰ ਚਾਰ ਯੁਗ ਦੋਅਖਰੇ ਦਾ ਜਾਪੁ ਕਰਕੇ ਸਿੱਖਾਂ ਲਈ ਚਾਲੀ ਯੁਗ ਦੇ ਚਾਲੀਸੇ ਰਸਾਇਣ ਨਾਮ ਨੂੰ ਆਪਣੀ ਸਿੱਖੀ ਵਿਚ ਵਰਤਾਇਆ ਤੇ ਇਸ ਲਈ ਇਕ ਵਾਰੀ ਵਾਹਿਗੁਰੂ ਕਹਿਣ ਨਾਲ ਚਾਲੀ ਯੁਗਾਂ ਦੇ ਸਿਮਰਨ ਦਾ ਫਲ ਮਿਲਦਾ ਹੈ। ਸਰਬ ਲੋਹ ਗ੍ਰੰਥ ਅਨੁਸਾਰ-

*ਸਾਰ ਮੰਤ੍ਰ ਚਾਰੋ ਕਾ ਚਾਰ॥*
*ਵਾਹਿਗੁਰੂ ਮੰਤ੍ਰ ਨਿਰਧਾਰ॥*
*ਕਲਪ ਕਲਪ ਪ੍ਰਭ ਅਖਛਰ ਕਹੀ॥*
*ਸ੍ਰੀ ਗੁਰੂ ਨਾਨਕ ਜਪਾਯੋ ਸਹੀ॥*
*ਨਿਜ ਆਤਮ ਪਰਮਾਤਮ ਦਰਸਯੋ॥*
*ਚਾਰ ਕਲਪ ਮਹਿ ਮ੍ਰੰਤ ਸਰਸਯੋ॥*
*ਸਾ ਮ੍ਰੰਤ ਪ੍ਰਭ ਖਾਲਸਹ ਦੀਨਾ॥*
*ਵਾਹਿਗੁਰੂ ਪਦਪਾਵਨ ਕੀਨਾ॥*

ਇਸ ਵਾਹਿਗੁਰੂ ਗੁਰਮੰਤ੍ਰ ਦੇ ਸਰਗੁਣ ਅਵਤਾਰੀ ਸੂਖਮ ਦੀ ਗੰਭੀਰਤਾ ਤੋਂ ਅਗਿਆਨਤਾ ਨਾਲ ਪਿਛਲੇ ਸੌ ਸਾਲ ਤੋਂ ਵਿਰੋਧ ਹੁੰਦਾ ਚਲਿਆ ਆ ਰਿਹਾ ਹੈ ਤੇ ਕਈ ਸੰਪ੍ਰਦਾਵਾਂ ਖੰਡੇ ਪਾਹੁਲ ਛਕਾਉਣ ਲੱਗਿਆਂ ਮੂਲ ਮੰਤਰ ੧ਓ ਸਤਿਨਾਮ ਤੋਂ ਗੁਰਪ੍ਰਸਾਦਿ ਤੱਕ ਜਾਂ "ਨਾਨਕੁ ਹੋਸੀ ਭੀ ਸਚੁ"। ਤੱਕ ਗੁਰਮੰਤਰ ਵੱਲੋਂ ਪ੍ਰਚਾਰਦੀਆਂ ਹਨ। ਕੁਝ ਹੋਰ ਵਿਦਵਾਨ ਪਰਮਾਤਮਾ ਦੇ ਪਰਯਾਯ ਨਾਮ ਵਿਸ਼ੇਸ਼ਣਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਬਹੁ ਸੰਖਿਅਕ ਹਰੀ ਜਾਂ ਰਾਮ ਨਾਮ ਦੀ ਪੈਰਵੀ ਕਰਦੇ ਹਨ। ੧ਓ ਸਤਿਨਾਮ ਜਾਂ ੧ਓ ਕੇਵਲ ਜਾਂ ਸਤਿਨਾਮ ਕੇਵਲ ਦਾ ਪ੍ਰਚਾਰ ਕਰਨ ਲਈ ਵੀ ਬੌਧਿਕ ਕਲਮ ਬਾਜ਼ੀ ਕੀਤੀ ਜਾਂਦੀ ਹੈ ਅਤੇ ਸਿੱਧੇ ਅਸਿੱਧੇ ਰੂਪ ਵਿਚ ਵਾਹਿਗੁਰੂ ਗੁਰਮੰਤਰ ਦੀ ਉਪਮਾ ਨੂੰ ਛੁਟਿਆਇਆ ਜਾਂਦਾ ਹੈ। ਅਜਿਹੇ ਵਿਦਵਾਨਾਂ ਦੇ ਸਾਰੇ ਤਰਕ-ਕੁਤਰਕ ਸਵੀਕਾਰ ਕਰਨ ਵਿਚ ਕੋਈ ਹਰਜ ਨਹੀਂ ਕਿਉਂਕਿ ਜਾਪੁ ਸਾਹਿਬ ਵਿਚ ਹਜ਼ਾਰ ਦੇ ਕਰੀਬ ਕਰਮਨਾਮਾਂ ਦੀ ਉਸਤਤਿ ਕਰਕੇ ਉਨ੍ਹਾਂ ਨੂੰ ਨਮਸਕਾਰ ਕੀਤੀ ਗਈ ਹੈ। ਅਕਾਲ ਪੁਰਖ ਦੇ ਜੋ ਨਾਮ ਯੁਗਾਂ ਵਿਚ ਹੋਏ ਅਵਤਾਰਾਂ ਦੇ ਨਾਮ ਤੇ ਹੀ ਪ੍ਰਸਿੱਧ ਹੋਏ ਹਨ ਉਹੀ ਗੁਰੂ ਗ੍ਰੰਥ ਸਾਹਿਬ ਵਿਚ ਸਰਗੁਣ ਉਪਮਾ ਵਿਚ ਵਰਤੇ ਗਏ ਹਨ। ਜਦੋਂ ਅਸੀਂ ਸਵੇਰੇ ਸ਼ਾਮ ਪੜ੍ਹਦੇ ਹਾਂ -

*ਹਰਿ ਜੁਗੁ ਜੁਗੁ ਭਗਤ ਉਪਾਇਆ॥*
*ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਣਾਖਸੁ ਦੁਸਟੁ ਹਰਿ॥*
*ਮਾਰਿਆ ਪ੍ਰਹਲਾਦੁ ਤਰਾਇਆ॥*

ਹਰਣਾਖਸੁ ਦੁਸਟ ਨੂੰ ਮਾਰਨ ਵਾਲੇ ਨਰਸਿੰਘ ਅਵਤਾਰ ਨੇ ਕਿਸੇ ਮਾਂ ਦੀ ਕੁਖੋਂ ਅਵਤਾਰ ਨਹੀਂ ਸੀ ਲਿਆ ਤੇ ਇਸ ਸ਼ੇਰ ਮੁਖੇ ਈਸ਼ਵਰ ਨੇ ਪ੍ਰਹਿਲਾਦ ਦੀ ਰਖਿਆ ਕਰਨ ਲਈ ਹਰਨਾਖਸ ਨੂੰ ਮਿਲੇ ਵਰਦਾਨ ਦੀ ਮਰਿਯਾਦਾ ਨੂੰ ਨਿਭਾਇਆ ਸੀ। ਸ੍ਰੀ ਨਾਮਦੇਵ ਜੀ ਨੂੰ ਦਰਸ਼ਨ ਦੇਣ ਵਾਲਾ ਭਗਵਾਨ ਵਿਸ਼ਨੂ ਸੀ ਜਾਂ ਭਗਵਾਨ ਬੀਠਲ, ਜਿਸਦਾ ਧੜ ਸ੍ਰੀ ਵਿਸ਼ਨੂ ਦਾ ਤੇ ਸਿਰ ਸ਼ਿਵ ਜੀ ਭਗਵਾਨ ਦਾ ਹੈ। ਇਹ ਵੇਰਵਾ ਇਸ ਛੰਦ ਵਿਚ ਨਹੀ। ਦਸਮ ਪਾਤਸ਼ਾਹ ਨੇ ਅਕਾਲ ਉਸਤਤਿ ਵਿਚ ਲਿਖਿਆ ਹੈ-

*ਕਿਤੇ ਕ੍ਰਿਸਨ ਸੇ ਕੀਟ ਕੋਟੈ ਉਪਾਏ॥*
*ਉਸਾਰੇ ਗੜੇ ਫੇਰਿ ਮੇਟੇ ਬਨਾਏ॥ ਪਉੜੀ॥*

ਦਸ਼ਮੇਸ਼ ਪਿਤਾ ਜੀ ਨੇ ਹੇਠਲੇ ਸ਼ਬਦ ਵਿਚ ਕਿਹੜੇ ਕਿਹੜੇ ਸਰਗੁਣ ਦੀ ਉਪਾਸਨਾ ਕੀਤੀ ਹੈ ਦੇਖੋ-

*ਸੋਰਠਿ ਪਾਤਸ਼ਾਹੀ ੧੦*
*ਪ੍ਰਭੁ ਜੂ ਤੋਕਹ ਲਾਜ ਹਮਾਰੀ॥*
*ਨੀਲਕੰਠ ਨਰਹਰ ਨਾਰਾਇਣ ਨੀਲਬਸਨ ਬਨਵਾਰੀ॥*
*ਰਹਾਓ॥*

ਨੀਲਕੰਠ- ਸ਼ਿਵਜੀ, ਨਰਹਰ-ਨਰਸਿੰਘ, ਨਾਰਾਇਣ- ਨਾਮ ਦੇ ਅਰਥ ਹੈ ਜਲ ਉਸ ਵਿਚ ਨਿਵਾਸ ਕਰਨ ਵਾਲਾ ਵਿਸ਼ਨੂ, ਨੀਲਬਸਨ-ਬਲਰਾਮ ਜੀ ਤੇ ਬਨਵਾਰੀ-ਸ੍ਰੀ ਕ੍ਰਿਸ਼ਨ ਜੀ ਇਸ ਤਰ੍ਹਾਂ ਸਰਗੁਣ ਉਪਾਸਨਾ ਦੇ ਸ਼ਬਦਾਂ ਵਿਚੋਂ ਅਨੇਕਾਂ ਉਦਾਹਰਣਾਂ ਦਿੱਤੇ ਜਾ ਸਕਦੇ ਹਨ।

ਭਾਈ ਗੁਰਦਾਸ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ

ਲੇਖਣੀਕਾਰ ਤੇ ਗੁਰੂ ਘਰ ਦੇ ਵਾਰੋਸਾਏ ਸਰਵੋਤਮ ਵਿਦਵਾਨ ਅਤੇ ਆਤਮ ਗਿਆਨੀ ਸਨ। ਆਪ ਦੀ ਬਾਣੀ ਦਾ ਬਹੁਤਾ ਰਚਨਾਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮਾਨਾਂਤਰ ਚੱਲਦਾ ਹੈ। ਜੇਕਰ ਉਨ੍ਹਾਂ ਨੇ ਗੁਰਮੰਤਰ ਬਾਰੇ ਕੋਈ ਅਤੋਕਥਨੀ ਕੀਤੀ ਹੁੰਦੀ ਤਾਂ ਗੁਰੂ ਘਰ ਵੱਲੋਂ ਉਨ੍ਹਾਂ ਨੂੰ ਸਿਦਕ ਸ਼ਬਦ ਦੀ ਵਰਤੋ ਦੇ ਫਲਸਫੇ ਵਾਂਗ ਇਕ ਹੋਰ ਕਰੜਾ ਇਮਤਿਹਾਨ ਦੇਣਾ ਪੈਂਦਾ ਜਾਂ ਪੰਥ ਨਿਕਾਲਾ ਮਿਲਦਾ। ਖੰਡੇ ਪਾਹੁਲ ਅਮ੍ਰਿਤ ਛਕਾਉਣ ਲੱਗਿਆਂ, ਜਦੋਂ ਚਰਣ ਪਾਹੁਲ ਦੇਣ ਦੇ ਗੁਰੂ ਵਿਅਕਤੀ ਅਧਿਕਾਰ ਨੂੰ ਪੰਥ ਨੂੰ ਸੌਂਪਿਆ ਗਿਆ ਤਾਂ ਕੰਨ ਵਿਚ ਗੁਰਮੰਤ੍ਰ ਦੇਣ ਦੀ ਥਾਂ ਨਵੀਂ ਜੁਗਤ ਦਸ਼ਮੇਸ਼ ਸਤਿਗੁਰੂ ਜੀ ਨੇ ਹੀ ਬਣਾਈ। ਪੰਜ ਚੁਲੇ ਛਕਣ-ਛਕਾਉਣ ਪੰਜ ਛਿੱਟੇ ਨੇਤਰਾਂ ਵਿਚ ਪਾਣ ਅਤੇ ਅੰਮ੍ਰਿਤ ਦੇ ਪੰਜ ਛਿੱਟੇ ਕੇਸਾਂ ਵਿਚ ਪਾਉਣ ਲੱਗਿਆ ਪੰਜ ਪਿਆਰੇ ਕਹਿੰਦੇ ਹਨ ਬੋਲ

*ਵਾਹਿਗੁਰੂ ਜੀ ਕਾ ਖਾਲਸਾ*
*ਸ੍ਰੀ ਵਾਹਿਗੁਰੂ ਜੀ ਕੀ ਫਤਹਿ॥*

ਅੱਗੋਂ ਅੰਮ੍ਰਿਤ ਛਕਣ ਵਾਲਾ ਬੋਲਦਾ ਹੈ -

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫ਼ਤਹਿ॥***

ਇਸ ਤਰ੍ਹਾਂ ਇਕ ਗੁਰਸਿੱਖ ਨੂੰ ਅੰਮ੍ਰਿਤ ਛਕਾਉਣ ਵਾਲੇ 30 ਵਾਰੀ ਵਾਹਿਗੁਰੂ ਦਾ ਸਿਮਰਨ ਕਰਦੇ ਹਨ ਤੇ ਤੀਹ ਵਾਰੀ ਗੁਰਸਿੱਖ ਕੋਲੋਂ ਸਿਮਰਨ ਕਰਾਉਂਦੇ ਹਨ।

ਇਸ ਸੰਦਰਭ ਵਿਚ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਵਾਹਿਗੁਰੂ ਦੀ ਗੁਰਮੰਤ੍ਰ ਰੂਪੀ ਪ੍ਰੌੜਤਾ ਤੇ ਪ੍ਰਮਾਣਿਕਤਾ ਪ੍ਰਸਤੁਤ ਹੈ-

***ਵਾਹਿਗੁਰੂ ਗੁਰਮੰਤ੍ਰ ਹੈ, ਜਪਿ ਹਉਮੈ ਖੋਈ॥*** (13/2)

***ਬੇਦ ਕਤੇਬਾ ਅਗੋਚਰ,***
***ਵਾਹਿਗੁਰੂ ਗੁਰ ਸਬਦੁ ਸੁਣਾਇਆ॥*** (12/17)

***ਵਾਹਿਗੁਰੂ ਸਾਲਾਹਣਾ, ਗੁਰ ਸਬਦ ਅਲਾਏ॥*** (9/13)

***ਸਤਿ ਰੂਪੁ ਸਤਿਨਾਮੁ ਕਰਿ***
***ਸਤਿਗੁਰ ਨਾਨਕ ਦੇਉ ਜਪਾਇਆ॥***
***ਧਰਮਸਾਲ ਕਰਤਾਰਪੁਰ ਸਾਧ ਸੰਗਤਿ***
***ਸਚਖੰਡ ਵਸਾਇਆ॥***
***ਵਾਹਿਗੁਰੂ ਗੁਰ ਸਬਦੁ ਸੁਣਾਇਆ॥*** (24/1)

***ਸਤਿਗੁਰ ਦਰਸਨ ਦੇਖਣਾ,***
***ਸਾਧ ਸੰਗਤਿ ਵਿਣੁ ਅੰਨਾ ਬੋਲਾ॥***
***ਵਾਹਿਗੁਰੂ ਗੁਰ ਸਬਦ ਲੈ,***
***ਪਿਰਮ ਪਿਆਲਾ ਚੁਪਿ ਚਬੋਲਾ॥*** (4/17)

***ਵੀਹ ਇਕੀਹ ਉਲੰਘਿ ਕੈ ਗੁਰਸਿੱਖ ਗੁਰਮੁਖ***
***ਸੁਖ ਫਲ ਪਾਈ॥***
***ਵਾਹਿਗੁਰੂ ਵੰਡੀ ਵਡਿਆਈ॥*** (11/8)

***ਪਰਦਖਣਾ ਡੰਡਉਤ ਕਰਿ ਮਸਤਕੁ***
***ਚਰਣ ਕਮਲ ਗੁਰ ਲਾਇਆ॥***
***ਸਤਿਗੁਰ ਪੁਰਖ ਦਇਆਲ ਹੋਇ,***
***ਵਾਹਿਗੁਰੂ ਸਚੁ ਮੰਤ੍ਰ ਸੁਣਾਇਆ॥*** (11/5)

ਭਾਈ ਗੁਰਦਾਸ ਜੀ ਦੀ ਟਕਸਾਲ ਵਿਚ ਇਹ ਵੀ ਨਿਰਣਾ ਕੀਤਾ ਗਿਆ ਹੈ ਕਿ ਗੁਰ ਉਪਦੇਸ (ਗੁਰਮੰਤਰ) ਬਗੈਰ ਕੰਨ ਲਾਹਨਤੀ ਹਨ ਅਤੇ ਉਪਦੇਸ ਸੁਣ ਕੇ ਸੁਰਤ ਤੱਕ ਨਾ ਪੁਚਾਣਾ ਵੀ ਧ੍ਰਿਗ ਹੈ। ਉਹ ਜੀਭ ਵੀ ਧ੍ਰਿਗ ਹੈ ਜਿਹੜੀ ਗੁਰਸ਼ਬਦ ਬਗੈਰ ਹੋਰ ਮੰਤ੍ਰ ਸਿਮਰਦੀ ਹੈ-

*ਧ੍ਰਿਗ ਸਰਵਣਿ ਉਪਦੇਸ ਵਿਣੁ, ਸੁਣਿ ਸੁਰਤਿ ਨ ਧਰਣੀ॥*
*ਧ੍ਰਿਗ ਜਿਹਬਾ ਗੁਰਸਬਦ ਵਿਣੁ, ਹੋਰ ਮੰਤ੍ਰ ਸਿਮਰਣੀ॥*
*ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ॥*
*ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਣੀ॥*
(27/10)

ਸਿਰੀ ਰਾਗ ਵਿਚ ਸਤਿਗੁਰ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਜਿਵੇਂ ਸ਼ੁਰੂ ਵਿਚ ਬੇਨਤੀ ਕੀਤੀ ਹੈ।

*ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ*
*ਸਦ ਪੀੜੀ ਗੁਰੂ ਚਲੰਦੀ॥* (ਪੰਨਾ 79)

ਅਤੇ ਸਤਿਗੁਰੂ ਰਾਮਦਾਸ ਜੀ ਦੀ ਉਪਮਾ ਕਰਦਿਆਂ ਭੱਟਾਂ ਵਲੋਂ ਲਿਖਿਆ ਗਿਆ ਹੈ-

***ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।***
***ਕਵਲ ਨੈਨ ਮਧੁਰਬੈਨ ਕੋਟਿਸੈਨ ਸੰਗ ਸੋਭ।***
***ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।***
***ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖ ਸਦਾ ਤੁਹੀ।***
***ਵਾਹਿਗੁਰੂ ਵਾਹਿਗੁਰੂ ਵਾਹਿਗੁਰ ਵਾਹਿ ਜੀਉ॥***
(ਪੰਨਾ 1402)

*ਸੇਵਕ ਕੈ ਭਰਪੂਰ ਜੁਗੁ ਜੁਗੁ*
*ਵਾਹਗੁਰੂ ਤੇਰਾ ਸਭ ਸਦਕਾ॥*
*ਨਿਰੰਕਾਰ ਪ੍ਰਭੁ ਸਦਾ ਸਲਾਮਤਿ*
*ਕਹਿ ਨ ਸਕੈ ਕੋਊ ਤੂ ਕਦਕਾਮ॥*
*ਵਾਹੁ ਵਾਹੁ ਕਾ ਵਡਾ ਤਮਾਸਾ॥*
*ਆਪੇ ਹਸੈ ਆਪਿ ਹੀ ਚਿਤਵੈ*
*ਆਪੇ ਚੰਦੁ ਸੂਰ ਪਰਗਾਸਾ॥*
*ਗੁਰਮੁਖਿ ਸੰਗਤ ਸਭੈ ਵਿਚਾਰਹੁ*
*ਵਾਹੁ ਵਾਹੁ ਕਾ ਬਡਾ ਤਮਾਸਾ॥*

*ਕੀਆ ਖੇਲੁ ਬਡ ਮੇਲੁ ਤਮਾਸਾ*
*ਵਾਹਿਗੁਰੂ ਤੇਰੀ ਸਭ ਰਚਨਾ॥* (ਪੰਨਾ 1403)

ਯੁਗਾਂਤਰ ਕਾਲੀ ਵਿਆਖਿਆ ਤੋਂ ਬਗੈਰ ਵਾਹਿਗੁਰੂ ਦੀ ਉਸਤਤਿ ਛੰਦੀ ਛੰਦ ਕਰਕੇ ਗੁਰੂ ਰੂਪ ਬਾਣੀ ਵਿਚ ਬਹੁਤ ਹੋਈ ਹੈ। ਸਿੱਖ ਉਹੀ ਹੈ ਜੋ ਗੁਰੂ ਵਾਲਾ ਹੈ ਅਤੇ ਸਿੱਖ ਲਈ ਵਾਹ+ਗੁਰੂ, ਵਾਹ-ਗੁਰੂ ਕਹਿਣ ਵਿਚ ਹੀ ਕਲਿਆਣ ਹੈ। ਪਰ ਜਦੋਂ ਇਹ ਚੌਖਰ ਸ਼ਬਦ ਗੁਰਮੰਤਰ ਪ੍ਰਸਾਦਿ ਵਿਚ ਮਿਲਦਾ ਹੈ ਤਾਂ ਇਹ ਸਭ ਤੋਂ ਵੱਡਾ ਗੁਰਪ੍ਰਸਾਦਿ ਹੈ-

*ਗੁਰਿ ਅੰਮ੍ਰਿਤ ਨਾਮੁ ਪੀਆਲਿਆ*
*ਜਨਮ ਮਰਨ ਕਾ ਪਖੁ॥*
*ਗੁਰ ਪਰਮੇਸਰੁ ਸੇਵਿਆ ਭੈ ਭੰਜਨ ਦੁਖ ਲਖ॥*
(ਪੰਨਾ 49)

ਅਤੇ

*ਗੁਰ ਨਾਲਿ ਤੁਲ ਨ ਲਗਈ ਖੋਜਿ ਡਿਠਾ ਬ੍ਰਹਮੰਡ॥*
*ਨਾਮੁ ਨਿਧਾਨੁ ਸਤਿਗੁਰਿ ਦੀਆ*
*ਸੁਖੁ ਨਾਨਕ ਮਨ ਮਹਿ ਮੰਡੁ॥* (ਪੰਨਾ 48)

ਵਾਹੁ ਵਾਹੁ ਦੀ ਉਸਤਤਿ ਵਾਰ ਗੁਜਰੀ ਮਹਲਾ ਤੀਜਾ ਵਿਚ ਭਰੀ ਪਈ ਹੈ-

*ਵਾਹੁ ਵਾਹੁ ਕਰਤਿਆ ਰੈਣਿ ਸੁਖਿ ਬਿਹਾਇ॥*
*ਵਾਹੁ ਵਾਹੁ ਕਰਤਿਆ ਸਦਾ ਆਨੰਦੁ ਹੋਵੈ ਮੇਰੀ ਸਾਇ॥*
(ਪੰਨਾ .......)

*ਵਾਹੁ ਵਾਹੁ ਗੁਰਮੁਖ ਸਦਾ ਕਰਹਿ,*
*ਮਨਮੁਖ ਮਰਹਿ ਬਿਖ ਖਾਇ॥*
*ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥*
(ਪੰਨਾ 575)

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸ ਜੇਵਡੁ ਅਵਰੁ ਨ ਕੋਇ॥*
*ਵਾਹੁ ਵਾਹੁ ਅਗਮ ਅਥਾਹ ਹੈ,*
*ਵਾਹੁ ਵਾਹੁ ਸਚਾ ਸੋਇ॥* (ਪੰਨਾ 575)

ਜਾਪੁ ਸਾਹਿਬ ਦੀ ਸਤਵੰਜਵੀਂ ਪਉੜੀ ਹੈ-

*ਨਮੋ ਮੰਤ੍ਰ ਮੰਤੰ॥ ਨਮੋ ਜੰਤ੍ਰ ਜੰਤ੍ਰੰ॥*
*ਨਮੋ ਇਸਟੇ ਇਸਟੇ॥ ਨਮੋ ਤੰਤ੍ਰ ਤੰਤ੍ਰ॥*

ਇਹ ਨਿਸ਼ਚਿਤ ਹੈ ਕਿ ਬਗੈਰ ਇਸਟ ਤੋ ਮੰਤ੍ਰ, ਜੰਤ੍ਰ ਤੇ ਤੰਤ੍ਰ ਨਹੀ ਹੁੰਦਾ ਅਤੇ ਬਗੈਰ ਗੁਰੂ ਤੋਂ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਦੀ ਸਿੱਧੀ ਨਹੀਂ ਹੋ ਸਕਦੀ। ਸੌ ਸਾਖੀ ਅਨੁਸਾਰ ਸਿੱਖਾਂ ਨੇ ਮੰਤ੍ਰ, ਜੰਤ੍ਰ ਤੇ ਤੰਤ੍ਰ ਬਾਰੇ ਪ੍ਰਸ਼ਨ ਕੀਤਾ। ਬਚਨ ਹੈ ਮੰਤ੍ਰ ਸਤਿਨਾਮ ਹੈ, ਜੰਤ੍ਰ ਅੱਖਰਾਂ ਦਾ ਜੋੜ (?) ਵਾਹਿਗੁਰੂ ਹੈ ਅਤੇ ਤੰਤ੍ਰ ਖੰਡੇ ਪਾਹੁਲ ਹੈ। ਜਲ ਤੇ ਮਿਸਰੀ ਦੇ ਲੋਹੇ ਦੇ ਬਾਟੇ ਵਿਚ ਲੋਹੇ ਦਾ ਖੰਡਾ ਫੇਰਨ ਸਮੇਂ ਜਪੁ, ਜਾਪੁ, ਚੌਪਈ, ਆਨੰਦ ਤੇ ਸਵੈਯੇ ਪੜ੍ਹੇ ਜਾਂਦੇ ਹਨ। ਖੰਡੇ ਦੀ ਪਾਹੁਲ ਵਾਸਤਵ ਵਿਚ ਗੁਰਬਾਣੀ ਦੀ ਮੰਤ੍ਰ ਸ਼ਕਤੀ ਸਿਧ ਕਰਦੀ ਹੈ ਅਤੇ ਕਿਸੇ ਵੀ ਸਾਕਾਮਤਾ ਲਈ ਕਿਸੇ ਗੁਰਬਾਣੀ ਸ਼ਬਦ ਦਾ ਜੁਗਤਿ ਨਾਲ ਸੰਕਲਪ ਅਨੁਸਾਰ ਨਿਸ਼ਚਿਤ ਦਿਨਾਂ ਵਿਚ ਨਿਸ਼ਚਿਤ ਪਾਠ ਕਰਨ ਨਾਲ ਕਾਮਨਾ ਪੂਰਤੀ ਹੁੰਦੀ ਹੈ। ਇਸੇ ਕਰਕੇ ਸਹਿਜ ਪਾਠਾਂ, ਸੰਕਲਪ ਪਾਠਾਂ ਅਤੇ ਅਖੰਡ ਪਾਠਾਂ ਸਮੇਂ ਜਲ ਦਾ ਗੜਵਾ ਰੱਖ ਕੇ ਉਸ ਜਲ ਨੂੰ ਕਾਮਨਾ ਸਿੱਧ ਤੇ ਮੰਤ੍ਰ ਸਿੱਧ ਜਲ ਵਾਂਗ ਵਰਤਿਆ ਜਾਂਦਾ ਹੈ। ਨਾਮ ਸ਼ਬਦ (ਗੁਰਮੰਤਰ) ਦੇ ਅਭਿਆਸ ਨਾਲ ਵਾਹਿਗੁਰੂ ਸਾਹਾਂ ਦੀ ਝਕਲੀ ਦਾ ਗੇੜ ਬਣ ਜਾਂਦਾ ਹੈ ਅਤੇ ਉੱਚ ਅਭਿਆਸ ਵਿਚ "ਰੋਮ ਰੋਮ ਮੇ ਬਸੇ ਨਿਰੰਕਾਰ" ਦਾ ਅਨੁਭਵ ਵੀ ਵਾਹਿਗੁਰੂ ਸ਼ਬਦ ਨਾਲ ਹੀ ਛੇਤੀ ਮਿਲਦਾ ਹੈ। ਹੋਰ ਨਾਮ ਸ਼ਬਦ ਇਸਦੇ ਅਯਾਮ ਨਹੀਂ ਛੂੰਹਦੇ।

## ਸੁਰ ਲਿਪੀਆਂ

ਗਿਆਨ ਸਿੰਘ ਐਬਟਾਬਾਦ

*ਰਾਗ ਤਿਲੰਗ*

**ਵਾਦੀ** - ਗ **ਠਾਠ** - ਖਮਾਜ **ਸਮਾਂ** - ਰਾਤ ਦਾ ਦੂਜਾ ਪਹਿਰ

**ਸੰਵਾਦੀ** - ਨ **ਜਾਤ** - ਓਡਵ ਨੁ ਪ ਸੁਰ ਸੰਗਤਿ।

**ਪਕੜ** - ਨ਼ ਸ ਗ ਮ ਪ – ਨ ਸਂ, ਨੁ ਪ, ਗ ਮ ਗ, ਸ

**ਆਰੋਹ** - ਸ ਗ, ਮ ਪ ਨ ਸਂ। **ਅਵਰੋਹ** - ਸਂ ਨੁ ਪ ਮ ਗ ਸ।

**ਚੰਚਲ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| x | | | 2 | | | | 0 | | | 3 | | | |
| *ਸਥਾਈ* | | | | | | | | | | | | | |
| | | | ਗ | ਮ | ਗ | ਮ | ਪ | ਨ | – | ਸਂ | – | – | – |
| | | | *ਤ* | *ਉ* | *ਦ* | *ਰ* | *ਸ* | *ਨ* | ऽ | *ਕੀ* | ऽ | ऽ | ऽ |
| ਸਂ | – | – | ਨੁ | ਪ | ਗ | ਮ | ਗ | – | – | ਸਂ | ਨੁ | ਪ | ਮ |
| ऽ | ऽ | ऽ | *ਕ* | *ਰਉ* | ऽ | *ਸ* | *ਮਾ* | ऽ | ऽ | *ਇ* | ऽ | ऽ | ऽ |
| ਗ | ਸ | – | ਨੁ | – | ਨੁ | – | ਸਂ | – | – | ਨੁ | ਨੁ | ਪ | – |
| ऽ | ऽ | ऽ | *ਮੈ* | ऽ | *ਦ* | *ਰਿ* | *ਮਾ* | ऽ | ऽ | *ਗ* | *ਤੁ* | ऽ | ऽ |
| ਪ | – | – | ਪ | ਨੁ | ਪ | ਮ | ਗ | ਮ | ਗ | ਪ | – | – | – |
| ऽ | ऽ | ऽ | *ਭੀ* | ऽ | *ਖਿ* | *ਆ* | *ਪਾ* | ऽ | ऽ | *ਇ* | ऽ | ऽ | ऽ |
| ਪ | – | – | ਗ | ਮ | ਗ | ਮ | ਪ | ਨ | – | | | | |
| ऽ | ऽ | ऽ | *ਤ* | *ਉ* | *ਦ* | *ਰ* | *ਸ* | *ਨ* | ऽ | | | | |
| *ਅੰਤਰਾ* | | | | | | | | | | | | | |
| | | | ਗ | ਮ | ਗ | ਮ | ਪ | ਨ | – | ਸਂ | – | – | – |
| | | | ਭ | ਉ | ਤੇ | ਰਾ | ਭਾਂ | ऽ | ऽ | *ਗ* | ऽ | ऽ | ऽ |
| | | | | | | | ਨ | | | | | | |
| ਸਂ | – | – | ਪ | ਨ | ਨ | ਸਂ | ਸਂ | – | – | ਨੁ | – | ਪ | – |
| ऽ | ऽ | ऽ | *ਖਲ* | *ਝੀ* | *ਮੇ* | *ਰਾ* | *ਚੀ* | ऽ | ऽ | *ਤੁ* | ऽ | ऽ | ऽ |

| | | | | | | | | | | | | | |
|---|---|---|---|---|---|---|---|---|---|---|---|---|---|
| ਪ | – | – | ਪ | – | ਨ | ਨ | ਸਂ | – | – | ਨ਼ | – | ਪ | – |
| ऽ | ऽ | ऽ | ਮੈ | ऽ | ऽ | ਦੇ | ਵਾ | ऽ | ऽ | ਨਾ | ऽ | ऽ | ऽ |
| ਪ | – | – | ਪ | ਨ਼ | ਪ | ਮ | ਗ | ਮ | – | ਪ | – | – | – |
| ऽ | ऽ | ऽ | ਭਇ | ਆ | ऽ | ਅ | ਤੀ | ऽ | ऽ | ਤੁ | ऽ | ऽ | ऽ |
| ਨ਼ | ਪ | – | ਗ | ਮ | ਗ | ਮ | ਪ | ਨ | – | | | | |
| ऽ | ऽ | ऽ | ਤ | ਉ | ਦ | ਰ | ਸ | ਨ | ऽ | | | | |

ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| ਅਸਥਾਈ | | | | | | | | | | | | | | | |
| | | ਗ | ਮ | ਪ | ਨ | ਸਂ | ਸਂ | ਸਂ | ਨ਼ | ਪ | ਮ | ਗ | ਸ | ਗ | ਮ |
| | | ऽ | ਕੰ | ਮ | ਲੀ | ਏ | ऽ | ऽ | ਬਾ | ਹ | ਰੁ | ਕਿਆ | ऽ | ਢੂ | ऽ |
| ਪ | – | – | ਪ | ਮ | – | ਗ | – | ਸ | ਸ | ਗ | ਗ | – | ਗਮ | ਗ | ਮ |
| ਢੇਹਿ | ऽ | ऽ | ऽ | ऽ | ऽ | ऽ | ऽ | ऽ | ਸ | ਹੁ | ਨੇ | ਝੈ | ऽ | ਧ | ਨ |
| ਗ | ਮ | ਪ | ਪ | ਮ | – | ਗ | – | – | ਮ | ਗ | ਮ | ਪ | – | ਨ | – |
| ਕੰ | ऽ | ਮ | ਲੀ | ਏ | ऽ | ऽ | ऽ | ऽ | ਬਾ | ਹ | ਰੁ | ਕਿਆ | ऽ | ਢੂ | ऽ |
| ਸਂ | – | ਨ਼ | ਪ | ਮਂਪ | ਗਮ | ਪਨ | ਸਂ | – | ਸਂ | ਨ਼ | ਪ | | | | |
| ਢੇਹਿ | ऽ | ऽ | ਕੰ | ਮऽ | ਲੀऽ | ਏऽ | ऽ | ऽ | ਬਾ | ਹ | ਰੁ | | | | |
| ਅੰਤਰਾ | | | | | | | | | ਗ | ਗ | ਮ | ਪ | – | ਨ | – |
| | | | | | | | | | ਇਆ | ਨੜੀ | ਏ | ਮਾ | ਨ | ਝਾ | ऽ |
| ਸਂ | - | ਸਂ | ਸਂ | ਸਂ | - | ਸਂ | - | - | ਪ | ਪ | ਨ | ਨ | ਨ | ਨ | ਸਂ |
| ਕਾ | ऽ | ਇ | ਕ | ਰੇ | ऽ | ਹਿ | ऽ | ऽ | ਆ | ਪਨ | ਝੈ | ਘ | ਰਿ | ਹ | ਰਿ |
| ਨ | ਸਂ | ਸਂ | – | ਨ਼ | – | ਪ | – | – | ਸਂ | ਸਂ | ਸਂ | ਗਂ | – | ਗਂ | ਗਂ |
| ਰੰ | ਗੋ | ਕੀ | ਨ | ਮਾ | ऽ | ਣੇ | ਹਿ | ऽ | ਸ | ਹੁ | ਨੇ | ਝੈ | ऽ | ਧ | ਨ |
| ਗਂ | ਸਂ | ਨ | ਸਂ | ਨ਼ | – | ਪ | – | – | ਪਨ਼ | ਪ | ਮ | ਗ | ਸ | ਗ | ਮ |
| ऽ | ਕੰ | ਮ | ਲੀ | ਏ | ऽ | ऽ | ऽ | ऽ | ਬਾऽ | ਹ | ਰੁ | ਕਿਆ | ऽ | ਢੂੰ | ऽ |
| ਪ | – | – | | | | | | | | | | | | | |
| ਢਹਿ | ऽ | ऽ | | | | | | | | | | | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਤਿਲੰਗ ਮਹਲਾ ੧ ਘਰੁ ੨ | Tilang 1st Guru. | ਤਿਲੰਕ ਪਹਿਲੀ ਪਾਤਿਸ਼ਾਹੀ। |
|---|---|---|
| ੧ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ | O Lord, Thy fear is my hemp and my mind is the leather pouch. | ਹੇ ਸੁਆਮੀ! ਤੇਰਾ ਡਰ ਮੇਰਾ ਸੁਖ ਹੈ ਅਤੇ ਮੇਰਾ ਮਨ ਚਮੜੇ ਦੀ ਗੁਥਲੀ ਹੈ। |
| ਮੈ ਦੇਵਾਨਾ ਭਇਆ ਅਤੀਤੁ ॥ | I have become an intoxicated hermit. | ਮੈਂ ਇਕ ਮਤਵਾਲਾ ਵਿਰਕਤ ਹੋ ਗਿਆ ਹਾਂ। |
| ਕਰ ਕਾਸਾ ਦਰਸਨ ਕੀ ਭੂਖ ॥ | My hands are the cup and I hunger for Thine vision, O God. | ਮੇਰੇ ਹਥ ਪਿਆਲਾ ਹਨ ਅਤੇ ਮੈਨੂੰ ਤੇਰੇ ਦੀਦਾਰ ਦੀ ਭੁੱਖ ਹੈ, ਹੇ ਵਾਹਿਗੁਰੂ! |
| ਮੈ ਦਰਿ ਮਾਗਉ ਨੀਤਾ ਨੀਤ ॥੧॥ | Day by day, beg I at Thy door. | ਰੋਜ਼ ਬਰੋਜ਼, ਮੈਂ ਤੇਰੇ ਬੂਹੇ ਤੇ ਝੋਲੀ ਅੱਡਦਾ ਹਾਂ। |
| ਤਉ ਦਰਸਨ ਕੀ ਕਰਉ ਸਮਾਇ ॥ | For Thy sight I make a mumper's call. | ਤੇਰੇ ਦੀਦਾਰ ਲਈ ਮੈਂ ਮੰਗਤੇ ਵਾਲੀ ਸਦਾਅ ਕਰਦਾ ਹਾਂ। |
| ਮੈ ਦਰਿ ਮਾਗਤੁ ਭੀਖਿਆ ਪਾਇ ॥੧॥ | Bless Thou me, Thine door's beggar with alms, O Lord. | ਮੈਂ, ਆਪਣੇ ਬੂਹੇ ਦੇ ਭਿਖਾਰੀ ਨੂੰ ਤੂੰ ਖੈਰ ਪਾ, ਹੇ ਪ੍ਰਭੂ! |
| ਰਹਾਉ ॥ | Pause. | ਠਹਿਰਾਉ! |
| ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥ | Saffron, flowers, deer's musk, gold and sandal mount all the bodies, Such is the bright perfume of the Lord's slaves, that they render fragrant one and all. | ਕੁੰਗੂ, ਫੁਲ, ਹਿਰਣ ਦਾ ਨਾਫਾ, ਸੋਨਾ ਅਤੇ ਚੰਨਣ ਸਮੂਹ ਦੇਹਾਂ ਉਤੇ ਸਵਾਰ ਹੁੰਦੇ ਹਨ। ਇਸ ਤਰ੍ਹਾਂ ਦੀ ਹੈ ਪ੍ਰਭੂ ਦੇ ਗੋਲਿਆਂ ਦੀ ਉਜਲ ਖੁਸ਼ਬੂ ਕਿ ਉਹ ਸਾਰਿਆਂ ਨੂੰ ਸੁਗੰਧਤ ਕਰਦੇ ਹਨ। |
| ਘਿਅ ਪਟ ਭਾਂਡਾ ਕਹੈ ਨ ਕੋਇ ॥ | No one calls clarifled butter and silk ill-reputed. | ਕੋਈ ਜਣਾ ਘਿਉ ਅਤੇ ਰੇਸ਼ਮ ਨੂੰ ਕੁਲੰਕਤ ਨਹੀਂ ਆਖਦਾ। |
| ਐਸਾ ਭਗਤੁ ਵਰਨ ਮਹਿ ਹੋਇ ॥ | Such is the saint in high or low caste. | ਐਹੋ ਜਿਹਾ ਹੁੰਦਾ ਹੈ ਸਾਧੂ ਉਚੀ ਜਾਂ ਨੀਚੀ ਜਾਤੀ ਵਿਚ। |
| ਤੇਰੇ ਨਾਮਿ ਨਿਵੈ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥ | From Thine door, O Lord, bless Thou with alms those, who make obeisance unto Thine Name, and remain absorbed in Thy love, prays Nanak. | ਆਪਣੇ ਬੂਹੇ ਤੋਂ, ਹੇ ਸਾਹਿਬ! ਤੂੰ ਉਨ੍ਹਾਂ ਨੂੰ ਖੈਰ ਪਾ, ਜੋ ਤੈਂਡੇ ਨਾਮ ਨੂੰ ਨਿਮਸ਼ਕਾਰ ਕਰਦੇ ਹਨ, ਅਤੇ ਤੇਰੇ ਪ੍ਰੇਮ ਅੰਦਰ ਲੀਨ ਰਹਿੰਦੇ ਹਨ, ਨਾਨਕ ਬਿਨੈ ਕਰਦਾ ਹੈ। |

| ਤਿਲੰਗ ਮਹਲਾ ੧ ॥ | Tilang 1st Guru. | ਤਿਲੰਕ ਪਹਿਲੀ ਪਾਤਿਸ਼ਾਹੀ। |
|---|---|---|
| ਇਆਨੜੀਏ ਮਾਨੜਾ ਕਾਇ ਕਰੇਹਿ ॥ | O silly woman, why takest thou pride? | ਹੇ ਕਮਲੀਏ ਤੀਮਤੇ! ਤੂੰ ਹੰਕਾਰ ਕਿਉਂ ਕਰਦੀ ਹੈ? |
| ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ | Why enjoyest thou not the love of God, in thy own home? | ਤੂੰ ਆਪਣੇ ਨਿੱਜ ਦੇ ਗ੍ਰਿਹ ਅੰਦਰ, ਕਿਉਂ ਵਾਹਿਗੁਰੂ ਦੀ ਪ੍ਰੀਤ ਦਾ ਅਨੰਦ ਨਹੀਂ ਲੈਂਦੀ? |
| ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ | Thy Bridegroom is near, O foolish bride. What for searchest thou abroad? | ਤੇਰਾ ਪਤੀ ਨਜ਼ਦੀਕ ਹੀ ਹੈ, ਹੇ ਪਗਲੀਏ ਪਤਨੀਏ! ਤੂੰ ਕਾਹਦੇ ਲਈ ਬਾਹਰ ਭਾਲਦੀ ਫਿਰਦੀ ਹੈਂ? |
| ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ | Put the salve needles of God's fear into thine eyes and make the decoration of the Lrod's love. | ਰਬ ਦੇ ਡਰ ਦੇ ਸੁਰਮੇ ਦਾ ਸੁਰਮਚੂ ਆਪਣੀਆਂ ਅੱਖਾਂ ਵਿਚ ਪਾ ਤੇ ਪ੍ਰਭੂ ਦੀ ਪ੍ਰੀਤ ਦਾ ਹਾਰਸ਼ਿੰਗਾਰ ਬਣਾ। |

| | | |
|---|---|---|
| ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥ | Then alone shalt thou be known the devoted wife, attached to thy spouse, if thou bear Him Love. | ਕੇਵਲ ਤਦ ਹੀ ਤੂੰ ਆਪਣੇ ਪਤੀ ਨਾਲ ਜੁੜੀ ਹੋਈ ਜਾ-ਨਿਸਾਰ ਪਤਨੀ ਜਾਣੀ ਜਾਵੇਂਗੀ, ਜੇਕਰ ਤੂੰ ਉਸ ਨਾਲ ਪ੍ਰੇਮ ਕਰੇਂਗੀ। |
| ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ | What can the silly young bride do, if she pleases not her Groom? | ਪਗਲੀ ਜੁਆਨ ਪਤਨੀ ਕੀ ਕਰ ਸਕਦੀ ਹੈ, ਜੇਕਰ ਉਹ ਆਪਣੇ ਪਤੀ ਨੂੰ ਪ੍ਰਸੰਨ ਨਹੀਂ ਕਰਦੀ ? |
| ਕਰਣ ਪਲਾਹ ਕਰੇ ਬਹੁਤੇਰੇ ਸਾਧਨ ਮਹਲੁ ਨ ਪਾਵੈ ॥ | Though she may make good many implorations, yet such a bride cannot obtain her spouse's mansion. | ਭਾਵੇਂ ਉਹ ਘਣੇਰੇ ਹਾੜੇ ਤਰਲੇ ਕੱਢੇ, ਤਾਂ ਭੀ ਐਸੀ ਪਤਨੀ ਆਪਣੇ ਪਤੀ ਦੇ ਮੰਦਰ ਨੂੰ ਨਹੀਂ ਪਾ ਸਕਦੀ। |
| ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ | Without God's grace, nothing can be obtained though she may run about a great deal. | ਵਾਹਿਗੁਰੂ ਦੀ ਮਿਹਰ ਦੇ ਬਾਝੋਂ ਕੁਝ ਭੀ ਪ੍ਰਾਪਤ ਨਹੀਂ ਹੋ ਸਕਦਾ, ਭਾਵੇਂ ਉਹ ਖਰਾ ਹੀ ਬਹੁਤਾ ਕਿਉਂ ਨਾ ਭਜ ਲਵੇ। |
| ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ | Inebriated with avarice, convetousness and pride she is engrossed in worldliness. | ਲਾਲਚ, ਤਮ੍ਹਾ ਅਤੇ ਹਉਮੈ ਨਾਲ ਮਤਵਾਲੀ ਹੋਈ ਹੋਈ, ਉਹ ਦੁਨੀਆਦਾਰੀ ਅੰਦਰ ਖਚਤ ਹੈ। |
| ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥ | By these things the Groom is obtained not. Ignorant is the young bride. | ਇਨ੍ਹਾਂ ਗੱਲਾਂ ਨਾਲ ਪਤੀ ਪ੍ਰਾਪਤ ਨਹੀਂ ਹੁੰਦਾ। ਬੇਸਮਝ ਹੈ ਨੌਜਵਾਨ ਪਤਨੀ। |
| ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ | Go and ask the chaste brides, by what actions is the spouse obtained. | ਜਾ ਕੇ ਸਤਿਵੰਤੀਆਂ ਵਹੁਟੀਆਂ ਪਾਸੋਂ ਪਤਾ ਕਰ ਲਓ ਕਿ ਕਿਹੜੀਆਂ ਅਮਲਾਂ ਦੁਆਰਾ ਕੰਤ ਪਾਇਆ ਜਾਂਦਾ ਹੈ। |
| ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ | Whatever the Lord does, accept that as good and do away with cleverness and order. | ਜਿਹੜਾ ਕੁਝ ਸੁਆਮੀ ਕਰਦਾ ਹੈ, ਉਸ ਨੂੰ ਚੰਗਾ ਕਰ ਕੇ ਮੰਨ ਅਤੇ ਚਾਲਾਕੀ ਤੇ ਅਮਰ ਨੂੰ ਛੱਡ ਦੇ। |
| ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ | Attach thou thy mind to His feet, by whose love the wealth of emancipation is attained. | ਤੂੰ ਆਪਣਾ ਮਨ ਉਸ ਦੇ ਪੈਰਾਂ ਨਾਲ ਜੋੜ, ਜਿਸ ਦੀ ਪ੍ਰੀਤ ਦੁਆਰਾ, ਮੋਖਸ਼ ਦੀ ਦੌਲਤ ਪ੍ਰਾਪਤ ਹੁੰਦੀ ਹੈ। |
| ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ | Do thou that, what the spouse bids thee. Surrender thy body and soul to Him. Apply thou such perfume. | ਜਿਹੜਾ ਕੁਛ ਭਰਤਾ ਆਖਦਾ ਹੈ, ਤੂੰ ਓਹੀ ਕੁਝ ਕਰ। ਆਪਣੀ ਦੇਹ ਤੇ ਆਤਮਾ ਉਸ ਦੇ ਸਮਰਪਨ ਕਰ ਦੇ। ਤੂੰ ਐਹੋ ਜੇਹੀ ਸੁਗੰਧੀ ਮਲ। |
| ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥ | Thus says the true wife, O sister. By these means the Bridegroom is obtained. | ਐਸ ਤਰ੍ਹਾਂ ਸੱਚੀ ਪਤਨੀ ਆਖਦੀ ਹੈ, ਹੇ ਅੰਮਾ ਜਾਈਏ! ਇਨ੍ਹਾਂ ਤਰੀਕਿਆਂ ਦੁਆਰਾ ਪਤੀ ਪ੍ਰਾਪਤ ਹੁੰਦਾ ਹੈ। |
| ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ | Efface thyownself, then shalt, thou obtain the Groom. What another cleverness can avail? | ਆਪਣੇ ਆਪੇ ਨੂੰ ਮਿਟਾ ਦੇ, ਤਦ ਤੂੰ ਆਪਣੇ ਪਤੀ ਨੂੰ ਪਾ ਲਵੇਂਗੀ। ਹੋਰਸ ਚਾਲਾਕੀ! ਕਿਹੜੇ ਕੰਮ ਆ ਸਕਦੀ ਹੈ ? |
| ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ | The day when the Spouse looks with grace is of account and the bride obtains nine treasures. | ਉਹ ਦਿਹਾੜਾ ਹਿਸਾਬ ਕਿਤਾਬ ਵਿਚ ਹੈ, ਜਦ ਕੰਤ ਮਿਹਰ ਨਾਲ ਵੇਖਦਾ ਹੈ ਅਤੇ ਪਤਨੀ ਨੌਂ ਖ਼ਜ਼ਾਨੇ ਪਾ ਲੈਂਦੀ ਹੈ। |
| ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ | She, who is the beloved of her Bridegroom, is the happy wife. Nanak, she is the queen of all. | ਜੋ ਆਪਣੇ ਭਰਤੇ ਦੀ ਦਿਲਬਰ ਹੈ, ਓਹੀ ਪ੍ਰਸੰਨ ਪਤਨੀ ਹੈ। ਨਾਨਕ ਉਹ ਸਾਰਿਆਂ ਦੀ ਰਾਣੀ ਹੈ। |
| ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ | Like this she remains imbued with pleasure, intoxicated with glee and day and night absorbed in the Lord's Love. | ਐਕੁਰ ਉਹ ਖ਼ੁਸ਼ੀ ਨਾਲ ਰੰਗੀਜੀ, ਅਨੰਦ ਨਾਲ ਮਤਵਾਲੀ ਅਤੇ ਦਿਹੁੰ ਤੇ ਰੈਣ ਪ੍ਰਭੂ ਦੀ ਪ੍ਰੀਤ ਅੰਦਰ ਲੀਨ ਰਹਿੰਦੀ ਹੈ। |
| ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥ | She is spoken of as comely, beauteous and intelligent and she alone is wise. | ਉਹ ਸੋਹਣੀ, ਸੁਨੱਖੀ ਅਤੇ ਸਮਝਦਾਰ ਆਖੀ ਜਾਂਦੀ ਹੈ ਅਤੇ ਕੇਵਲ ਓਹੀ ਅਕਲਮੰਦ ਹੈ। |